ੴ ਵਾਹਿਗੁਰੂ ਜੀ ਕੀ ਫ਼ਤਿਹ।।

ੴ

ਦਸਵੰਧ ਪ੍ਰੰਪਰਾ

ਪ੍ਰੋ. ਇੰਦਰ ਸਿੰਘ ਘੱਗਾ

(ਇੰਟਰ ਨੈਸ਼ਨਲ ਸਿੱਖ ਮਿਸ਼ਨਰੀ)

ਪ੍ਰਕਾਸ਼ਕ

ਫਤਿਹ ਪਬਲੀਕੇਸ਼ਨਜ਼

91-ਵਿਦਿਆ ਨਗਰ, ਸਾਹਮਣੇ ਪੰਜਾਬੀ ਯੂਨੀਵਰਸਿਟੀ,

ਪਟਿਆਲਾ (ਪੰਜਾਬ)। ਮੋਬ. : 98144-55582

ਦਸਵੰਧ ਪ੍ਰੰਪਰਾ

ਪ੍ਰੋ. ਇੰਦਰ ਸਿੰਘ ਘੱਗਾ
(ਇੰਟਰ ਨੈਸ਼ਨਲ ਸਿੱਖ ਮਿਸ਼ਨਰੀ)
(ਮੋਬ. 98551-51699)

© ਸਭ ਹੱਕ ਲੇਖਕ ਦੇ ਰਾਖਵੇਂ ਹਨ

ਕੰਪਿਊਟਰ ਟਾਈਪਿੰਗ
ਕਮਲ ਕੰਪਿਊਟਰ,
ਸਾਹਮਣੇ ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਛਾਪਕ
ਡੈਫੋਡਿਲ ਪ੍ਰਿੰਟਿੰਗ ਪ੍ਰੈਸ
ਇੰਡਸਟਰੀ ਏਰੀਆ
ਪਟਿਆਲਾ।

ਮੁੱਲ : 10 ਰੁਪੈ

ਪਹਿਲੀ ਐਡੀਸ਼ਨ ਜੂਨ 2007

ਕਿਤਾਬਾਂ, ਕਿਤਾਬਚੇ ਅਤੇ ਸੀ.ਡੀ. ਪ੍ਰਾਪਤ ਕਰਨ ਲਈ ਪਤਾ

ਪ੍ਰਕਾਸ਼ਕ
ਫਤਿਹ ਪਬਲੀਕੇਸ਼ਨਜ਼
91-ਵਿਦਿਆ ਨਗਰ, ਸਾਹਮਣੇ ਪੰਜਾਬੀ ਯੂਨੀਵਰਸਿਟੀ,
ਪਟਿਆਲਾ (ਪੰਜਾਬ)। ਮੋਬ. : 98144-55582

ਦਸਵੰਧ ਪ੍ਰਪੰਰਾ

(ਗੁਰੂ ਕਾਲ -ਭਾਗ ਪਹਿਲਾ)

ਇੰਦਰ ਸਿੰਘ ਘੱਗਾ (ਪ੍ਰੋ:)

ਸਮੁੱਚੇ ਸੰਸਾਰ ਵਿਚ ਅਮੀਰੀ, ਗਰੀਬੀ, ਕਾਲ ਬਿਮਾਰੀ, ਜੰਗ, ਭੁਚਾਲ ਤੇ ਹੋਰ ਕੁਦਰਤੀ ਆਫਤਾਂ ਜੀਵਾਂ ਲਈ ਸੰਕਟ ਪੈਦਾ ਕਰਦੀਆਂ ਰਹਿੰਦੀਆਂ ਹਨ। ਇਹਨਾਂ ਮੁਸੀਬਤਾਂ ਵਾਲੇ ਦਿਨਾਂ ਵਿਚ, ਲੋੜਵੰਦਾਂ ਦੀ ਸਹਾਇਤਾ ਵਾਸਤੇ, ਮਨੁੱਖੀ ਹਮਦਰਦੀ ਰੱਖਣ ਵਾਲੇ ਲੋਕ ਭੀ ਤਮਾਸ਼ਾਈ ਬਣਕੇ ਨਹੀਂ ਬੈਠ ਜਾਂਦੇ। ਉਹ ਭਲੇ ਇਨਸਾਨ, ਸਮਰਥਾ ਅਤੇ ਸਾਧਨਾਂ ਮੁਤਾਬਕ, ਸੇਵਾ ਲਈ ਜਤਨ ਕਰਦੇ ਰਹਿੰਦੇ ਹਨ। ਇਹ ਪਰਉਪਕਾਰੀ ਭਾਵਨਾ ਕੇਵਲ ਮਨੁੱਖਾਂ ਵਿਚ ਹੀ ਨਹੀਂ ਹੈ। ਸਗੋਂ ਕਿਸੇ ਹੱਦ ਤੱਕ ਪਸ਼ੂਆਂ ਪੰਛੀਆਂ ਵਿਚ ਭੀ, ਸੇਵਾ ਦਾ ਕੋਈ ਝਲਕਾਰਾ ਮਿਲ ਜਾਦਾ ਹੈ। ਜਿਵੇਂ ਜਿਵੇਂ ਮਨੁੱਖੀ ਸੋਚ ਨੇ ਵਿਕਾਸ ਕੀਤਾ, ਸੇਵਾ ਭਾਵਨਾ ਹੋਰ ਭੀ ਚੰਗੇ ਢੰਗ ਨਾਲ ਨਿੱਖਰ ਕੇ ਸਾਹਮਣੇ ਆਉਣ ਲੱਗੀ। ਸੇਵਾ ਦੀ ਸ਼ੁਰੂਆਤ, ਵਿਅਕਤੀਆਂ ਵੱਲੋਂ ਕੀਤੀ ਜਾਂਦੀ ਹੈ, ਲੇਕਿਨ ਹੌਲੀ ਹੌਲੀ ਜਥੇਬੰਦਕ ਰੂਪ ਧਾਰਨ ਕਰ ਜਾਂਦੀ ਹੈ। ਕਿਉਂਕਿ ਸੰਗਠਨ ਰਾਹੀਂ ਕੀਤੀ ਸੇਵਾ, ਅਨੇਕ ਪੱਖੀ ਵੱਡੇ ਪੈਮਾਨੇ ਤੇ ਕੀਤੀ ਜਾ ਸਕਦੀ ਹੈ। ਇਸ ਸੇਵਾ ਦਾ ਢੰਗ ਤੇ ਨਾਮ ਕੋਈ ਭੀ ਹੋ ਸਕਦਾ ਹੈ।

ਇਹਨਾਂ ਸੀਮਤ ਪੱਧਰ ਤੇ ਕੀਤੀਆਂ ਜਾ ਰਹੀਆਂ ਸੇਵਾਵਾਂ ਨੂੰ ਠੋਸ ਤੇ ਵਿਸ਼ਾਲ ਰੂਪ ਦੇਣ ਲਈ ਹੋਰ ਸੁਧਾਰ ਕਰਕੇ, ਬਹੁਤ ਸਾਰੇ ਧਰਮ ਮੁਖੀਆਂ ਨੇ ਅਪਣਾ ਲਿਆ। ਅੱਗੋਂ ਇਹ ਬਹੁ-ਪੱਖੀ ਸੇਵਾਵਾਂ ਧਰਮ ਦਾ ਹੀ ਇਕ ਅੰਗ ਬਣ ਗਈਆਂ। ਯਹੂਦੀ, ਇਸਾਈ, ਜਾਂ ਮੁਸਲਮਾਨ ਸਾਰੇ ਹੀ ਲੋੜਵੰਦਾਂ ਦੀ ਸਹਾਇਤਾ ਲਈ ਕੋਈ ਨ ਕੋਈ ਕਾਰਜ ਸ਼ੁਰੂ ਰੱਖਦੇ ਹਨ। ਇਸਾਈ ਧਰਮ ਵਿਚ ਦਾਨ ਕੀਤੀ ਗਈ ਮਾਇਆ ਨਾਲ ਗਰੀਬਾਂ, ਅਣਪੜਾਂ, ਬਿਮਾਰਾਂ ਤੇ ਕਾਲ ਪੀੜਤਾਂ ਆਦਿ ਦੀ ਕੀਤੀ ਜਾਂਦੀ ਸਹਾਇਤਾ ਤੋਂ ਸਾਰੀ ਦੁਨੀਆਂ ਵਾਕਫ ਹੈ। ਇਸਲਾਮ ਧਰਮ

ਵਾਲੇ ਅਪਣੀ ਕਮਾਈ ਵਿਚੋਂ ਜਕਾਤ (ਚਾਲੀਵਾਂ ਹਿੱਸਾ) ਧਰਮਅਰਥ ਕਾਰਜਾਂ ਲਈ ਕੱਢਦੇ ਹਨ। ਸਿੱਖ ਗੁਰੂ ਸਹਿਬਾਨ ਨੇ ਇਸ ਭਲੇ ਕਾਜ ਨੂੰ ਪੱਕੇ ਪੈਰੀਂ ਕਰਨ ਵਾਸਤੇ ਸਿੱਖਾਂ ਨੂੰ ਆਦੇਸ਼ ਦਿੱਤਾ ਕਿ ਉਹ ਅਪਣੀ ਕਿਰਤ ਵਿਚੋਂ ਦੱਸਵਾਂ ਹਿੱਸਾ ਧਰਮ ਅਰਥ ਜਰੂਰ ਦੇਣ। ਇਸੇ ਦਸਵੇਂ ਹਿੱਸੇ ਨੂੰ ਸਮਾਂ ਪਾ ਕੇ **ਦਸਵੰਧ**'' ਕਿਹਾ ਜਾਣ ਲਗ ਪਿਆ।

ਦੁਨੀਆਂ ਭਰ ਦੀਆਂ ਸਰਕਾਰਾਂ ਆਪਣੇ ਸ਼ਹਿਰੀਆਂ ਤੇ, ਸਿੱਧੇ ਅਸਿੱਧੇ ਅਣਗਿਣਤ ਟੈਕਸ ਲਗਾਉਂਦੀਆਂ ਹਨ। ਇਕੱਠੀ ਹੋਈ ਰਾਸ਼ੀ ਨੂੰ ਦੇਸ਼ ਦੇ ਵਿਕਾਸ ਕੰਮਾਂ ਤੇ ਖਰਚਿਆ ਜਾਂਦਾ ਹੈ। ਸਰਹੱਦਾਂ ਦੀ ਰਾਖੀ ਲਈ ਫੌਜ ਤੇ ਬਹੁਤ ਪੈਸਾ ਖਰਚ ਹੁੰਦਾ ਹੈ। ਲੋੜਵੰਦਾਂ ਦੇ ਨਾਮ ਹੇਠ ਕਈ ਵਾਰੀ ਇਸ ਧਨ ਦੀ ਕੁਵਰਤੋਂ ਭੀ ਹੋ ਜਾਂਦੀ ਹੈ। ਜੋ ਨੁਕਤਾ ਇਥੇ ਵਿਸ਼ੇਸ਼ ਹੈ, ਉਹ ਇਹ ਕਿ ਟੈਕਸ ਰਾਹੀਂ ਦਿੱਤੀ ਗਈ ਮਾਇਆ ਲੋਕ ਮਨਾਂ ਵਿਚ ਉਹ ਪਵਿਤਰ ਭਾਵਨਾ ਪੈਦਾ ਕਰਨ ਵਿਚ ਅਸਮਰਥ ਰਹਿੰਦੀ ਹੈ, ਜੋ ਸਵੈ ਇੱਛਾ ਨਾਲ ਧਰਮ ਕਾਰਜਾਂ ਵਿਚ ਦਿੱਤੀ ਮਾਇਆ ਪੈਦਾ ਕਰਦੀ ਹੈ। ਟੈਕਸ ਦੇਣ ਵਿਚ ਮਜਬੂਰੀ ਹੈ। ਦੂਜੇ ਵਿਚ ਸਬਰ ਸਬੂਰੀ ਹੈ, ਮਾਨਸਿਕ ਹੁਲਾਰਾ ਹੈ। ਇਸੇ ਲਈ ਅੱਜ ਭੀ ਬਹੁਤ ਸਾਰੇ ਲੋਕ ਆਪਣੇ ਅੰਤ ਸਮੇਂ ਜਿੰਦਗੀ ਭਰ ਇਕੱਠੀ ਕੀਤੀ ਧਨਰਾਸ਼ੀ, ਧਰਮ ਅਰਥ ਕੰਮ ਕਰਨ ਵਾਲੇ ਅਦਾਰਿਆਂ ਨੂੰ ਦਾਨ ਵਜੋਂ ਦੇ ਜਾਂਦੇ ਹਨ।

ਸਿੱਖ ਸਮਾਜ ਵਿਚ ਸਾਂਝੇ ਕਾਰਜਾਂ ਵਾਸਤੇ, ਸਰਦਾ ਬਣਦਾ ਹਿੱਸਾ ਪਾਉਣ ਦੀ ਪਿਰਤ, ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਪ੍ਰਚੱਲਤ ਹੋ ਗਈ ਸੀ। ਕਰਤਾਰਪੁਰ ਦੇ ਲੋਕਾਂ ਨੇ ਇਹ ਵੱਖਰਾ ਹੀ ਕੌਤਕ ਵਰਤਿਆ ਵੇਖਿਆ। ਆਮ ਹਾਲਤਾਂ ਵਿਚ ਲੋਕੀ ਸਾਧੂ ਮਹਾਤਮਾਵਾਂ ਅੱਗੇ ਭੇਟਾ ਪੂਜਾ ਦੇ ਰੂਪ ਵਿਚ ਅੰਨ ਬਸਤਰ ਅਰਪਣ ਕਰਦੇ ਸਨ। ਰਾਜੇ ਮਹਾਰਾਜੇ ਅਮੀਰ ਵਜੀਰ ਦਾਨ ਦੱਛਣਾ ਲੈ ਕੇ ਰਿਸ਼ੀ ਮੁਨੀਆਂ ਕੋਲ ਦਰਸ਼ਨਾਂ ਲਈ ਆਉਂਦੇ ਸਨ। ਦੂਜੇ ਪਾਸੇ ਗੁਰੂ ਨਾਨਕ ਸਾਹਿਬ ਜੀ ਨੇ, ਇਥੇ ਆਪਣੀ ਜਮੀਨ ਵਿਚ ਖੁਦ ਖੇਤੀ ਕਰਨੀ ਅਰੰਭ ਕਰ ਦਿੱਤੀ। ਪੈਦਾ ਹੋਇਆ ਅੰਨਦਾਣਾ, ਸਾਂਝੀਆਂ ਲੋੜਾਂ ਵਾਸਤੇ ਵਰਤਿਆ ਜਾਣ ਲੱਗਾ। ਦਰਸ਼ਨਾਂ ਨੂੰ ਆਏ ਸੇ

ਵਕ ਤੇ ਯਾਤਰੂ, ਸਤਿਗੁਰੂ ਜੀ ਦੇ ਪਾਵਨ ਬਚਨ ਭੀ ਗ੍ਰਹਣ ਕਰਦੇ ਸਰੀਰਕ ਲੋੜਾਂ ਲਈ ਲੰਗਰ ਭੀ ਛਕਦੇ। ਇਸ ਤੋਂ ਇਲਾਵਾ ਹੋਰ ਹਰ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਦੇ। ਕੁੱਝ ਲੈਣ ਦੀ ਥਾਂ ਸਗੋਂ ਕੁਝ ਦਿੱਤਾ ਜਾ ਰਿਹਾ ਸੀ। ਭੈਣਾਂ ਭਰਾਵਾਂ ਵਰਗੀ ਸਾਂਝ ਪੈਦਾ ਹੋ ਰਹੀ ਸੀ। ਇਹ ਨਿੱਤ ਦੀ ਸਾਂਝੀ ਮਿਲਵਰਤੋਂ, ਊਚ ਨੀਚ ਦੀ ਹਉਮੈ ਦੇ ਮਹਿਲ ਨੂੰ ਢਾਹ ਰਹੀ ਸੀ। ਜਾਤਪਾਤ ਦੇ ਅਜਗਰ ਨੂੰ ਖਾ ਰਹੀ ਸੀ। ਲੰਗਰ ਤਿਆਰ ਕਰਨ ਵਾਸਤੇ ਕੀਤੀ ਗਈ ਮੁਸ਼ੱਕਤ, ਸੇਵਾ ਦੇ ਬੀਜ ਮਨ ਵਿਚ ਬੋ ਰਹੀ ਸੀ। ਸਤਿਗੁਰੂ ਜੀ ਦੀ ਆਪਣੀ ਵਿਅਤੀਗਤ ਨਿਗੇਹਬਾਨੀ ਵਿਚ, ਵੀਹ ਕੁ ਸਾਲ, ਇਹ ਸੰਗਤ ਪੰਗਤ ਖੂਬ ਪਿਆਰ ਨਾਲ ਸਜਦੀ ਤੇ ਵਧਦੀ ਫੁਲਦੀ ਰਹੀ। ਇਸ ਵਿਧੀ ਨੇ ਟੁੱਟੇ ਸਮਾਜ ਨੂੰ ਇਕ ਸਾਂਚੇ ਵਿਚ ਢਾਲਣਾ ਸ਼ੁਰੂ ਕੀਤਾ। ਜਰਾ ਆਪਣੇ ਦਿਲ ਤੇ ਹੱਥ ਰਖਕੇ ਸੋਚੋ, ਜਿਸ ਪਰਵਾਰ ਦੇ ਮੈਂਬਰ, ਇਕੱਠੇ ਬੈਠਕੇ ਪਿਆਰ ਨਾਲ ਖਾਣਾ ਭੀ ਨਾ ਖਾ ਸਕਣ, ਉਹਨਾਂ ਦੀਆਂ ਵੱਖੋਂ ਵੱਖ ਲੋੜਾਂ ਤੇ ਅੱਡੋ ਅੱਡ ਸੁਆਦ ਹੋਵਣ ਤਾਂ ਵਿਚਾਰ ਇਕ ਕਿਵੇਂ ਹੋ ਸਕਦੇ ਹਨ ? ਵੱਖਰੇ ਵਿਚਾਰਾਂ ਵਾਲੇ ਲੋਕਾਂ ਤੋਂ, ਕਿਸੇ ਸਾਂਝੇ ਆਦਰਸ਼ ਨੂੰ ਪ੍ਰਾਪਤ ਕਰਨ ਵਾਸਤੇ, ਮਿਲਵੇ ਂ ਉਦਮ ਦੀ, ਦੁਖ ਸੁਖ ਵਿਚ ਭਾਈਵਾਲ ਹੋਣ ਦੀ, ਇੱਕ ਦੂਜੇ ਤੋਂ ਜਾਨ ਵਾਰਨ ਦੀ ਆਸ ਕਿਵੇ ਂ ਕੀਤੀ ਜਾ ਸਕਦੀ ਹੈ ? ਸੰਗਤ ਪੰਗਤ ਵਿਚੋਂ ਸਾਂਝਾ ਭਾਈਚਾਰਾ ਜਨਮ ਲੈਂਦਾ ਹੈ। ਸਾਰਿਆਂ ਦੀਆਂ ਸਾਂਝੀਆਂ ਲੋੜਾਂ ਦੀ ਪੂਰਤੀ ਵਾਸਤੇ, ਸਾਂਝੇ ਫੰਡ ਦਾ ਹੋਣਾ ਭੀ ਅਤੀ ਜਰੂਰੀ ਹੈ। ਹਰ ਮੈਂਬਰ ਨੂੰ ਇਹ ਮਹਿਸੂਸ ਹੋਵੇ ਕਿ ਮੇਰਾ ਭੀ ਘੱਟ ਜਾਂ ਵੱਧ ਵਿਚ ਯੋਗਦਾਨ ਹੈ। ਇਸੇ ਭਾਵਨਾ ਅਧੀਨ, ਗੁਰੂ ਕੀ ਗੋਲਕ ਨੂੰ ਸਰਬੱਤ ਦੇ ਭਲੇ ਹਿੱਤ, ਸਾਂਝੇ ਕਾਰਜਾਂ ਲਈ, ਵਰਤਿਆ ਜਾਣ ਲੱਗਾ।

ਗੁਰੂ ਨਾਨਕ ਸਾਹਿਬ ਦਾ ਆਪਣੇ ਸਪੁੱਤਰਾਂ ਨੂੰ ਸਾਂਝੀ ਪੰਥਕ ਜਾਇਦਾਤ ਵਿਚੋਂ ਕੁਝ ਨਾ ਦੇਣਾ, ਸਾਰੇ ਭਾਈਚਾਰੇ ਅਤੇ ਪ੍ਰਵਾਰ ਨੂੰ ਨਾਰਾਜ ਕਰ ਲੈਣਾ, ਇਸ ਗੱਲ ਦਾ ਸੂਚਕ ਹੈ ਕਿ ਪੰਥਕ ਜਾਇਦਾਤ, ਅਤੇ ਗੁਰੂ ਕੀ ਗੋਲਕ, ਸਾਂਝੀ ਅਮਾਨਤ ਹਨ, ਕਿਸੇ ਵਿਅਕਤੀ ਵਿਸ਼ੇਸ਼ ਦੇ

ਮੌਜ ਮਸਤੀ ਕਰਨ ਲਈ ਨਹੀਂ। ਉਹ ਭਾਵੇਂ ਗੁਰੂ ਅੰਸ਼, ਗੁਰੂ ਸਪੁੱਤਰ ਹੀ ਕਿਉਂ ਨਾ ਹੋਣ। ਜੀ ਹਾਂ * ਆਪਣੇ ਸਪੁੱਤਰਾਂ ਨੂੰ ਗੁਰੂ ਨਾਨਕ ਸਾਹਿਬ ਨੇ ਇਹ ਅਵੱਸ਼ ਕਿਹਾ ਕਿ **ਤੁਸੀਂ ਜੀਵਨ ਨਿਰਬਾਹ ਵਾਸਤੇ, ਇਸ ਘਰ ਵਿਚੋਂ ਧਨ ਲੈ ਸਕਦੇ ਹੋ। ਇਹ ਯਾਦ ਰੱਖਣਾ ਗੁਰੂ ਘਰ ਦੇ ਕੁੱਤਿਆਂ ਨੂੰ ਭੀ ਕੋਈ ਕਮੀ ਨਹੀਂ ਰਹੇਗੀ। ਤੁਸੀਂ ਤਾਂ ਮੇਰੇ ਬੇਟੇ ਹੋ । ਗੁਰੂ ਗੁਰੂ ਜਪਣਾ ਜਨਮ ਸੰਵਾਰੇਗਾ''**। (ਵਾਲਾਇਤ ਵਾਲੀ ਜਨਮ ਸਾਖੀ ਪੋਥੀ, ਜੋਤੀ ਜੋਤ ਸਮਾਉਣ ਦੀ) ਬਾਲੇ ਵਾਲੀ ਜਨਮਸਾਖੀ ਵਿਚ ''ਉੱਪਲ ਖਤਰੀ ਨੂੰ ਉਪਦੇਸ਼'' ਸਾਖੀ ਦੇ ਤਹਿਤ ਗੁਰੂ ਨਾਨਕ ਸਾਹਿਬ ਨੇ ਸਾਰੀ ਸੰਗਤ ਨੂੰ ਤਾੜਨਾ ਭਰੇ ਬਚਨਾ ਰਾਹੀਂ ਇਉਂ ਸੰਬੋਧਨ ਕੀਤਾ ਸੀ – **''ਮਰਦਾਨਿਆਂ * ਏਹ ਪਦਾਰਥ ਪੂਜਾ ਦਾ ਖਾਧਾ ਐਸਾ ਹੈ, ਜੈਸੇ ਬਿਖ ਖਾਧੀ ਪਚਦੀ ਨਹੀਂ। ਤੈਸੇ ਹੀ ਪੂਜਾ ਦਾ ਧਾਨ ਪਚਦਾ ਨਹੀਂ। ''**

ਵਿਹਲੜ ਸੰਤਾਂ, ਲਹੂ ਪੀਣੇ ਜੋਗੀਆਂ, ਵੱਢੀਖੋਰ ਕਾਜ਼ੀਆਂ, ਪਾਖੰਡੀ ਬ੍ਰਾਹਮਣਾ ਨੂੰ ਗੁਰੂ ਜੀ ਨੇ ਲੰਮੇ ਹਥੀਂ ਲਿਆ। ਲੋਕਾਂ ਨੂੰ ਲੁੱਟਕੇ ਖਾਣ ਦੀ ਥਾਵੇਂ ਦਸਾਂ ਨੌਹਾਂ ਦੀ ਕਿਰਤ ਕਰਕੇ ਛਕਣ ਦਾ ਅਤੇ ਆਪਣੀ ਕਮਾਈ ਵਿਚੋਂ ਹੋਰਾਂ ਨੂੰ ਵੰਡ ਛਕਾਉਣ ਦਾ ਉਪਦੇਸ਼ ਦਿੱਤਾ–

ਘਾਲ ਖਾਇ ਕਿਛੁ ਹਥਹੁ ਦੇਇ।। ਨਾਨਕ ਰਾਹੁ ਪਛਾਣਹਿ ਸੇਇ ।। ਮ. 1245

ਜਦੋਂ ਵੇਖਿਆ ਕਿ ਇਸ ਪੂਜਾ ਦੇ ਧਨ ਕਾਰਨ ਬਹੁਤ ਕਲੇਸ਼ ਪੈ ਰਿਹਾ ਹੈ ਤਾਂ ਗੁਰੂ ਅੰਗਦ ਸਾਹਿਬ ਜੀ ਖਡੂਰ ਜਾ ਬਿਰਾਜੇ। ਕੁਝ ਹੀ ਅਰਸੇ ਬਾਦ ਸੰਗਤਾਂ ਦੀ ਆਵਾਜਾਈ ਵੱਡੇ ਪੱਧਰ ਤੇ ਹੋ ਗਈ। ਦਸਵੰਧ ਦੀ ਮਾਇਆ ਅਤੇ ਅੰਨ ਬਸਤਰ ਬਹੁਤ ਆਉਣ ਲੱਗ ਪਿਆ। ਛੇਤੀ ਹੀ ਸੰਗਤਾਂ ਵਾਸਤੇ ਰਿਹਾਇਸ਼ ਅਤੇ ਦੀਵਾਨ ਅਸਥਾਨ ਵਾਸਤੇ ਉਸਾਰੀ ਸੰਪੂਰਣ ਕਰ ਲਈ ਗਈ। ਲੰਗਰ ਜੋ ਸੰਗਤ ਲਈ ਤਿਆਰ ਹੁੰਦਾ ਸੀ, ਨਿਰੋਲ ਅੰਮ੍ਰਿਤਮਈ ਸੀ। ਕਿਉਂਕਿ ਇਸ ਵਿਚ ਨਾਮ ਰੰਗ ਵਿਚ ਰੱਤੀ, ਸਿਆਣੀ ਮਾਂ ਦੀ ਅਗਵਾਈ ਤੇ ਸੇਵਾ ਭਾਵਨਾ ਦਾ ਅਮਿਓ

ਰਸ ਸੀ। ਇਸੇ ਲਈ ਪਾਵਨ ਗੁਰਬਾਣੀ ਵਿਚ ''ਬਲਵੰਡ ਖੀਵੀ ਨੇਕ ਜਨ'' ''ਆਖ ਕੇ ਸਤਿਕਾਰ ਕੀਤਾ ਗਿਆ ਹੈ। ਸਿੱਖ ਪੁੱਤਰ ਧੀਆਂ ਨੂੰ ਉਹ **''ਰਸੁ ਅੰਮ੍ਰਿਤੁ ਖੀਰਿ ਘਿਆਲੀ''** ਜੋ ਛਕਾਉਂਦੇ ਸਨ।

ਤੀਸਰੇ ਨਾਨਕ ਗੁਰੂ ਅਮਰਦਾਸ ਜੀ ਨੇ ਗੁਰੂ ਕੀ ਗੋਲਕ ਵਾਸਤੇ ਉਗਰਾਹੀ, ਅਤੇ ਸਿੱਖੀ ਪ੍ਰਚਾਰ, ਲਈ ਉੱਚੇ ਸੁੱਚੇ ਜੀਵਨ ਵਾਲੇ ਗੁਰਸਿੱਖ ਨਿਯੁਕਤ ਕਰਕੇ ਦੂਰ ਦਰਾਜ ਤੱਕ ਦੇ ਇਲਾਕਿਆਂ ਵਿਚ ਭੇਜੇ। ਇਸ ਨੇਕ ਅਤੇ ਸ਼ਰਧਾ ਭਾਵਨਾ ਨਾਲ ਅਰਪਣ ਕੀਤੀ ਗਈ ਮਾਇਆ ਨਾਲ ਲੋੜਵੰਦਾਂ, ਬਿਮਾਰਾਂ, ਅਪਹਾਜਾਂ ਦੀ ਸੰਭਾਲ ਕੀਤੀ ਜਾਂਦੀ ਸੀ। ਬਿਨਾਂ ਵਿਤਕਰੇ ਤੋਂ ਬਹੁਤ ਵੱਡੇ ਪੈਮਾਨੇ ਤੇ ਹਰ ਸਮੇਂ ਲੰਗਰ ਚਲਦੇ ਸਨ। ਨਾਲੋ ਨਾਲ ਗੋਇੰਦਵਾਲ ਨਗਰ ਦੀ ਉਸਾਰੀ ਹੋ ਰਹੀ ਸੀ। ਧਰਮਸਾਲ ਤਾਮੀਰ ਕੀਤੀ ਜਾ ਰਹੀ ਸੀ। ਪਾਣੀ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਡੂੰਘੀ ਬਾਉਲੀ ਪੁਟਵਾਈ ਜਾ ਰਹੀ ਸੀ। ਇਹਨਾਂ ਸਾਰੇ ਮਹੱਤਵਪੂਰਨ ਕਾਰਜਾਂ ਨੂੰ, ਵਡੇਰੀ ਉਮਰ ਹੋਣ ਦੇ ਬਾਵਜੂਦ, ਸਤਿਗੁਰੂ ਜੀ ਖੁਦ ਵੇਖਦੇ ਸਨ ਤਾਂ ਕਿ ਕਿਧਰੇ ਕੁਤਾਹੀ ਨਾ ਹੋ ਜਾਵੇ। ਸਾਰਾ ਸਿਲਸਲਾ ਇਕ ਚੰਗੇ ਵੱਡੇ ਪ੍ਰਵਾਰ ਵਾਂਗ, ਨਿਰਵਿਘਨ ਚੱਲ ਰਿਹਾ ਸੀ। ਹਰ ਕੋਈ ਆਪਣੀ ਹੈਸੀਅਤ ਮੁਤਾਬਕ ਯੋਗਦਾਨ ਪਾ ਰਿਹਾ ਸੀ।

ਚੌਥੇ ਨਾਨਕ, ਗੁਰੂ ਰਾਮਦਾਸ ਸਾਹਿਬ ਨੇ ਅੰਮ੍ਰਿਤਸਰ ਨਗਰ ਦੀ ਉਸਾਰੀ ਕਰਵਾਈ। ਬਹੁਤ ਵੱਡਾ ਪ੍ਰਾਜੈਕਟ ਸੀ। ਬੜੀਆਂ ਔਕੜਾਂ ਰਾਹ ਵਿਚ ਆਈਆਂ। ਆਪਣੇ ਪ੍ਰਵਾਰ ਵਾਸਤੇ ਦੋ ਕਮਰੇ ਛੱਤਣੇ ਹੋਣ ਤਾਂ ਸਭ ਕੁਝ ਵਿਕ ਜਾਂਦਾ ਹੈ। ਕਰਜੇ ਦੀਆਂ ਪੰਡਾਂ ਸਿਰ ਚੜ੍ਹ ਜਾਂਦੀਆਂ ਹਨ। ਜਰਾ ਸੋਚੋ * ਜਦੋਂ ਬੱਝਵੀ ਆਮਦਨੀ ਕੋਈ ਨਾ ਹੋਵੇ, ਸ਼ਹਿਰ ਵਸਾਣਾ ਕਿਤਨਾ ਜੋਖਮ ਭਰਿਆ ਕੰਮ ਸੀ। ਆਈਆਂ ਸੰਗਤਾਂ ਨੂੰ ਸੰਭਾਲਣਾ, ਲੰਗਰ ਤੇ ਰਿਹਾਇਸ਼ ਦੇਣੀ, ਜਾਤ ਪਾਤ ਦੇ ਹਾਮੀ ਲੋਕਾਂ ਦੀ ਵਿਰੋਧਤਾ ਝੱਲਣੀ, ਧਰਮ ਉਪਦੇਸ਼ ਕਰਨਾ, ਪਵਿੱਤਰ ਬਾਣੀ ਦੀ ਰਚਨਾ ਭੀ ਨਾਲੋ ਨਾਲ ਕਰਨੀ, ਸਭੋ ਕਾਰਜ ਸਤਿਗੁਰੂ ਦੀ ਸੁਚੱਜੀ ਅਗਵਾਈ ਵਿਚ ਚਲਦਾ ਰਿਹਾ,

ਤੇ ਅੱਗੇ ਵਧਦਾ ਰਿਹਾ। ਅੰਮ੍ਰਿਤਸਰ ਵਰਗਾ ਖ਼ੂਬਸੂਰਤ ਸ਼ਹਿਰ, ਸਿੱਖ ਧਰਮ ਦਾ ਕੇਂਦਰ, ਵਪਾਰ ਅਤੇ ਰੋਜਗਾਰ ਵਿਚ ਮੋਹਰੀ ਸੰਸਾਰ ਦੇ ਨਕਸ਼ੇ ਤੇ ਉੱਭਰਕੇ ਸਾਮਰਤਖ ਪ੍ਰਗਟ ਹੋ ਗਿਆ।

ਪੰਚਮ ਸਤਿਗੁਰੂ, ਅਰਜਣ ਸਾਹਿਬ ਜੀ ਨੇ, ਸਮੇਂ ਦੀ ਨਜ਼ਾਕਤ ਨੂੰ ਭਾਂਪਦਿਆਂ ਗੁਰੂ ਕੀ ਗੋਲਕ ਵਾਸਤੇ, ਦਸਵੰਧ ਦਾ ਪੱਕਾ ਨਿਅਮ ਬਣਾ ਦਿੱਤਾ। ਉਹਨਾਂ ਹਰ ਗੁਰੂ ਨਾਨਕ ਨਾਮ ਲੇਵਾ ਮਾਈ ਭਾਈ ਨੂੰ, ਆਪਣੀ ਕਿਰਤ ਕਮਾਈ ਵਿਚੋਂ ਦੱਸਵਾਂ ਹਿੱਸਾ ਧਰਮ ਕਾਰਜਾਂ ਵਾਸਤੇ ਗੁਰੂ ਘਰ ਵਿਚ ਭੇਜਣ ਲਈ ਕਿਹਾ। ਸਰਬੱਤ ਦੇ ਭਲੇ ਵਾਲੇ ਹੋ ਰਹੇ ਉਸਾਰੂ ਕਾਰਜ ਵੇਖਕੇ , ਸੰਗਤਾਂ ਨੇ ਇਹ ਹੁਕਮ ਸਿਰ ਮੱਥੇ ਕਬੂਲ ਕੀਤਾ। ਕਿਉਂਕਿ ਉਹਨਾਂ ਨੂੰ ਪੂਰਾ ਵਿਸ਼ਵਾਸ ਸੀ ਕਿ ਸਾਡਾ ਦਿੱਤਾ ਹੋਇਆ ਧਨ ਪਦਾਰਥ, ਅਜਾਈ ਨਹੀਂ ਜਾਵੇਗਾ, ਸਗੋਂ ਸਕਾਰਥਾ ਹੋਵੇਗਾ। ਮੋਹਿਸਨ ਫਾਨੀ, ਜਿਸਨੇ ਪੰਚਮ ਸਤਿਗੁਰੂ ਅਤੇ ਛੇਵੇਂ ਸਤਿਗੁਰੂ ਨੂੰ ਨੇੜਿਓਂ ਤਕਿਆ, ਆਪਣੀ ਕਿਤਾਬ 'ਦਬਿਸਤਾਨ ਮਹਜਬ' ਵਿਚ ਲਿਖਦਾ ਹੈ – **''ਸਰਕਾਰ ਦੀ ਆਮਦਨ ਬੇਇਤਬਾਰੀ ਹੈ। ਕਾਲ, ਸੋਕਾ, ਬਿਮਾਰੀਆਂ ਅਤੇ ਬਗਾਵਤਾਂ ਆਦਿ ਕਾਰਨ ਲਗਾਨ ਠੀਕ ਵਕਤ ਸਿਰ ਖਜਾਨੇ ਵਿਚ ਜਮਾਂ ਨਹੀਂ ਹੁੰਦਾ। ਗੁਰੂ ਘਰ ਦੀ ਆਮਦਨੀ ਵਿਸ਼ਵਾਸਯੋਗ ਹੈ। ਗੁਰੂ ਜੀ ਨਿਸਚਿੰਤ ਹੋਕੇ ਲੋਕ ਭਲਾਈ ਵਾਲੀਆਂ ਯੋਜਨਾਵਾਂ ਬਣਾ ਸਕਦੇ ਸਨ।''** ਸਰਕਾਰੀ ਮਾਲੀਆ, ਸਮਰਥਾ ਤੋਂ ਵੱਧ ਆਮ ਤੌਰ ਤੇ ਜੋ ਜਬਰ ਨਾਲ ਉਗਰਾਹਿਆ ਜਾਂਦਾ ਸੀ। ਲੋਕੀ ਅਤਿ ਦੁਖੀ ਹੁੰਦੇ ਸਨ। ਕਈਆਂ ਦੇ ਘਰ ਉੱਜੜ ਜਾਂਦੇ ਸਨ। ਗੁਰੂ ਕੀ ਗੋਲਕ ਵਾਸਤੇ, ਦਸਵੰਧ ਦੀ ਰਕਮ, ਸਵੈਇੱਛਾ ਨਾਲ, ਖੁਸ਼ੀ ਖੁਸ਼ੀ ਸਮੇਂ ਸਿਰ ਪੁੱਜ ਜਾਂਦੀ ਸੀ। ਸ਼ਹਿਰ ਦੀ ਵਧ ਰਹੀ ਵਸੋਂ ਵਾਸਤੇ, ਸਰੋਵਰ ਬਣਵਾਏ। ਸਿੱਖ ਪੰਥ ਲਈ ਕੇਂਦਰੀ ਧਰਮ ਅਸਥਾਨ ਤਿਆਰ ਕਰਨਾ, ਬਹੁਤ ਵੱਡਾ ਕਾਰਜ ਸੀ। ਫਿਰ ਇਥੇ ਹੀ ਬੱਸ ਨਹੀਂ। ਇੱਕ ਹੋਰ ਵੱਡਾ ਨਗਰ ਤਰਨਤਾਰਨ ਵਸਾਉਣਾ, ਉਥੇ ਹੀ ਕੁਸ਼ਟ ਵਰਗੀ ਭਿਆਨਕ ਬਿਮਾਰੀ ਦੇ ਇਲਾਜ ਵਾਸਤੇ, ਹਸਪਤਾਲ ਖੋਹਲਣਾ, ਪੀੜਤ ਲੋਕਾਂ ਦੀ ਦਵਾਦਾਰੂ, ਕੱਪੜਾ, ਰਿਹਾਇਸ਼ ਤੇ ਲੰਗਰ ਆਦਿ ਦਾ ਸਾਰਾ ਪ੍ਰਬੰਧ

ਕਰਨਾ। ਕਰਤਾਰਪੁਰ ਤੇ ਹਰਿਗੋਬਿੰਦ ਪੁਰ ਵਸਾਉਣੇ, ਕੋਈ ਮਾਮੂਲੀ ਕੰਮ ਨਹੀਂ ਸਨ। ਇਹ ਸਾਰੇ ਲੋਕ ਹਿਤ ਵਾਲੇ ਕੰਮ ਗੁਰੂ ਕੀ ਗੋਲਕ (ਦਸਵੰਧ) ਨੂੰ, ਸਮੁੱਚੇ ਢੰਗ ਨਾਲ ਸੰਕੋਚ ਕੇ ਵਰਤੋਂ ਕਾਰਨ ਹੀ ਸੰਭਵ ਹੋਏ। ਇਹਨਾਂ ਭਲੇ ਕਾਰਜਾਂ ਰਾਹੀਂ ਸਿੱਖੀ ਦਾ ਘੇਰਾ ਵਿਸ਼ਾਲ ਹੁੰਦਾ ਗਿਆ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ, ਬਾਲ ਉਮਰੇ ਹੀ ਬੇਅੰਤ ਮੁਸ਼ਕਲਾਂ ਨਾਲ ਦੋ ਚਾਰ ਹੋਣਾ ਪਿਆ। ਪਿਤਾ ਗੁਰੂ ਜੀ ਦੀ ਦਰਦਨਾਕ ਸ਼ਹਾਦਤ, ਹਕੂਮਤ ਵਲੋਂ ਸਿਰ ਤੇ ਲਟਕਦੀ ਖਤਰੇ ਦੀ ਤਲਵਾਰ, ਘਰ ਵਿਚ ਪ੍ਰਿਥੀ ਚੰਦ ਦੇ ਪ੍ਰਵਾਰ ਵਲੋਂ ਪਾਇਆ ਗਿਆ ਕਲੇਸ਼। ਉਹਨਾਂ ਦ੍ਰਿੜਤਾ ਅਤੇ ਸਿਆਣਪ ਦਾ ਸਬੂਤ ਦਿੰਦਿਆਂ ਹਰ ਔਕੜ ਤੇ ਜਿੱਤ ਹਾਸਲ ਕੀਤੀ। ਦਰਬਾਰ ਸਾਹਿਬ ਦੇ ਸਾਹਮਣੇ, 1609 ਈਸਵੀ ਵਿਚ ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ। ਜੰਗ ਦੇ ਬੱਦਲ ਵੇਖਦਿਆਂ, ਸਿੱਖ ਗੱਭਰੂਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਤਿਆਰ ਕੀਤਾ। ਅੰਮ੍ਰਿਤਸਰ ਦੀ ਰਾਖੀ ਵਾਸਤੇ ਕਿਲਾ ਲੋਹਗੜ੍ਹ ਦੀ ਤੇਜੀ ਨਾਲ ਉਸਾਰੀ ਕਰਵਾਈ। ਸ਼ਹਿਰੀ ਲੋਕਾਂ ਦੀ ਰਾਖੀ ਵਾਸਤੇ, ਖਾਸ ਖਾਸ ਥਾਵਾਂ ਤੇ ਸਿੱਖ ਪਹਿਰੇਦਾਰਾਂ ਦੀ ਡਿਉਟੀ ਲਾਈ। ਘੋੜੇ ਖ੍ਰੀਦੇ ਗਏ, ਵਧੀਆ ਹਥਿਆਰ ਪ੍ਰਾਪਤ ਕੀਤੇ ਗਏ, ਗੁਰਸਿੱਖਾਂ ਵਾਸਤੇ ਔਖੇ ਵਕਤ ਵਿਚ ਕੰਮ ਆਉਣ ਵਾਲੀ ਰਸਦ ਦਾ ਪ੍ਰਬੰਧ ਕੀਤਾ। ਇਸ ਸਭ ਵਾਸਤੇ ਪੈਸਾ ਕਿਥੋਂ ਆਉਂਦਾ ਸੀ, ਆਮਦਨ ਦੇ ਸਾਧਨ ਕੀ ਸਨ ? ਸੰਗਤਾਂ ਵਲੋਂ ਸਤਿਕਾਰ ਸਹਿਤ ਦਿੱਤਾ ਗਿਆ ਦਸਵੰਧ। ਪੂਜਾ ਭੇਟਾ ਦੇ ਇਕ ਪੈਸੇ ਨੂੰ ਭੀ ਗੁਰੂ ਜੀ ਵੱਲੋਂ ਕਦੀ ਅਜਾਈਂ ਨਹੀਂ ਗੁਆਇਆ ਗਿਆ। ਆਪਣੇ ਵਿਅਕਤੀਗਤ ਐਸ਼ ਅਰਾਮ ਵਾਸਤੇ ਕਦੀ ਇਕ ਪਾਈ ਦੀ ਭੀ ਵਰਤੋਂ ਨਹੀਂ ਕੀਤੀ। ਸੰਗਤਾਂ ਨੂੰ ਅਥਾਹ ਵਿਸ਼ਵਾਸ ਸੀ ਗੁਰੂ ਘਰ ਤੇ। ਇਸੇ ਲਈ ਗੁਰੂ ਘਰ ਵਿਚ ਕਦੀ ਕਿਸੇ ਚੀਜ ਦੀ ਤੋਟ ਨਹੀਂ ਆਉਣ ਦਿੱਤੀ। ਸਗੋਂ ਬੇਨਤੀ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਾਦਸ਼ਾਹ ਵਾਲੀ ਠਾਠ ਬਾਠ ਬਣਾਉਣ ਵਾਸਤੇ ਕਿਹਾ ਤਾਂ ਕਿ ਸਿੱਖ ਆਪਣੇ ਦਿਲਾਂ ਦੇ ਮਹਿਰਮ ਨੂੰ ਅਧਿਆਤਮਕ ਪਾਤਸ਼ਾਹ ਹੀ ਨਹੀਂ, ਦੁਨੀਆਵੀ ਸਜ ਧਜ ਵਾਲਾ ਪਾਤਸ਼ਾਹ ਭੀ ਵੇਖ

ਸਕਣ। ਕਲਗੀ, ਬਾਜ, ਘੋੜੇ ਫੌਜਾਂ ਵਾਲੇ, ਮੀਰੀ ਪੀਰੀ ਦੇ ਮਾਲਕ ਸੱਚੇ ਪਾਤਸ਼ਾਹ ਹਜੂਰ।

ਸੱਤਵੇਂ ਤੇ ਅੱਠਵੇਂ ਸਤਿਗੁਰੂ ਵਕਤ ਫੌਜਾਂ ਉਸੇ ਤਰ੍ਹਾਂ ਕਾਇਮ ਰਹੀਆਂ, ਸਗੋਂ ਲੋੜੀਂਦਾ ਹੋਰ ਵਿਸਥਾਰ ਕੀਤਾ ਗਿਆ। ਦਵਾਖਾਨੇ ਇਤਨੇ ਵਿਰਾਟ ਰੂਪ ਧਾਰਨ ਕਰ ਗਏ ਕਿ ਦਿੱਲੀ ਪਤੀ ਬਾਦਸ਼ਾਹ, ਸ਼ਾਹਜਹਾਨ ਦਾ ਲੜਕਾ ਗੰਭੀਰ ਬਿਮਾਰ ਹੋ ਗਿਆ। ਕਿਸੇ ਵੀ ਸਰਕਾਰੀ ਜਾਂ ਗੈਰਸਰਕਾਰੀ ਦਵਾਖਾਨੇ ਵਿਚੋਂ ਲੋੜੀਂਦੀ ਦਵਾਈ ਨਾ ਮਿਲੀ। ਆਖਿਰ ਪਹੁੰਚ ਕਰਨ ਤੇ, ਕੀਰਤਪੁਰ ਸਾਹਿਬ ਤੋਂ ਗੁਰੂ ਘਰ ਵਿੱਚੋਂ ਹੀ ਦਵਾ ਪ੍ਰਾਪਤ ਹੋ ਸਕੀ। ਆਖਰੀ ਸਾਹਾਂ ਤਕ, ਸ਼ਾਹਜਹਾਨ ਭੀ ਤੇ ਉਸਦਾ ਬੇਟਾ ਦਾਰਾ ਭੀ ਗੁਰੂ ਘਰ ਦੇ ਅਹਿਸਾਨਮੰਦ ਰਹੇ। ਜਿੱਥੇ ਭੀ ਸਤਿਗੁਰ ਜਰੂਰਤ ਮਹਿਸੂਸ ਕਰਦੇ, ਇਸ ਗੁਰੂ ਕੀ ਗੋਲਕ ਨੂੰ ਉਸੇ ਥਾਂ, ਲੋੜ ਮੁਤਾਬਕ ਵਰਤ ਲੈਂਦੇ। ਕਿਤੇ ਕਾਲ ਪੀੜਤਾਂ ਲਈ ਲੰਗਰ, ਬਿਮਾਰੀਆਂ ਵਕਤ ਇਲਾਜ, ਪਾਣੀ ਦੀ ਥੁੜ ਵਾਲੀ ਥਾਵੇਂ ਸਰੋਵਰ ਤੇ ਖੂਹ। ਨਿਰਧਨਾਂ ਲਈ ਪੜ੍ਹਾਈ ਲਿਖਾਈ, ਅਤੇ ਬੱਚੀਆਂ ਦੀ ਸ਼ਾਦੀ ਤੇ ਭੀ ਇਸ ਗੋਲਕ ਵਿਚੋਂ ਧਨ ਖਰਚਿਆ ਜਾਂਦਾ ਸੀ। ਗੁਰੂ ਘਰ ਅਪਣੀਆਂ ਉੱਚੀਆਂ ਸੁੱਚੀਆਂ ਰਵਾਇਤਾਂ ਦੀ ਬਦੌਲਤ, ਨਿਮਾਣਿਆਂ ਦਾ ਮਾਣ, ਨਿਉਟਿਆਂ ਦੀ ਓਟ, ਨਿਆਸਰਿਆਂ ਦਾ ਆਸਰਾ, ਨਿਪੱਤਿਆਂ ਦੀ ਪੱਤ ਦਾ ਪ੍ਰਤੀਕ ਬਣ ਕੇ ਉੱਭਰਿਆ। ਹਰ ਖਿਆਲ ਦਾ ਇਨਸਾਨ ਵਿਸ਼ਵਾਸ ਨਾਲ ਗੁਰੂ ਘਰ ਆਉਂਦਾ, ਮਨ ਚਿੰਦੀਆਂ ਮੁਰਾਦਾਂ ਪਾਉਂਦਾ। ਸੰਸਾਰਕ ਭੀ ਤੇ ਅਧਿਆਤਮਕ ਭੀ।

ਨੌਵੇਂ ਸਤਿਗੁਰੂ, ਤੇਗ ਬਹਾਦਰ ਦੀ ਲਾਮਿਸਾਲ ਸ਼ਹਾਦਤ ਨੇ, ਇਨਾਸਫ ਪਸੰਦ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਭੇਟਾ ਪੂਜਾ ਦੀ ਮਾਇਆ ਤਾਂ ਭਾਵੇਂ ਅੱਗੇ ਬਹੁਤ ਆਉਂਦੀ ਸੀ, ਉਸਤੋਂ ਬਾਦ ਤਾਂ ਅਣਖੀਲੇ ਨੌਜਵਾਨ, ਦਸਮ ਪਿਤਾ ਦੇ ਚਰਨਾਂ ਵਿਚ ਹਾਜਰ ਹੋਕੇ ਜੋਦੜੀਆਂ ਕਰਦੇ – **''ਸੱਚੇ ਪਾਤਸ਼ਾਹ ਜੀਓ। ਇਹ ਸਰੀਰ ਕਿਸ ਕੰਮ ਜੇ ਧਰਮ ਦੇ ਲੇਖੇ ਨਾ**

ਲੱਗਿਆ। ਜਾਨਾਂ ਲਕੋਣ ਵਾਲੇ, ਜਾਨਾਂ ਨਿਛਾਵਰ ਕਰਨ ਲੱਗ ਪਏ। ਚੂਹਿਆਂ ਵਾਂਗ ਖੁੱਡਾਂ ਵਿਚ ਲੁਕੇ ਹੋਏ ਲੋਕ, ਹਥਿਆਰ ਸੂਤਕੇ ਮੈਦਾਨ ਵਿਚ ਨਿੱਤਰ ਪਏ। ਬੁਜ਼ਦਿਲ ਤੇ ਕਾਇਰ ਗੱਭਰੂ, ਸਤਿਗੁਰੂ ਤੋਂ ਪਿਆਰ ਥਾਪੜਾ ਲੈ ਕੇ, ਮਰਦੇ ਮੁਜ਼ਾਹਿਦ ਬਣ ਗਏ। ਗੁਰੂ ਘਰ ਉੱਪਰ, ਆਮ ਲੋਕਾਂ ਦੇ ਵਿਸ਼ਵਾਸ ਦੀ ਉਦੋਂ ਸਿਖਰ ਹੋ ਗਈ ਸਮਝੋ, ਜਦੋਂ ਅਪਣੀਆਂ ਜਮੀਨਾਂ ਵੇਚ ਕੇ ਘੋੜੇ ਖ੍ਰੀਦੇ ਗਏ, ਨੂੰਹਾਂ ਧੀਆਂ ਦੇ ਗਹਿਣੇ ਵੇਚ ਕੇ ਵਧੀਆ ਹਥਿਆਰ ਖ੍ਰੀਦੇ ਗਏ। ਸਭ ਕੁਝ ਗੁਰੂ ਚਰਨਾਂ ਵਿਚ ਅਰਪਣ ਕਰਨ ਉਪ੍ਰੰਤ, ਨੌਜਵਾਨ ਬੇਨਤੀ ਕਰਿਆ ਕਰਦੇ ਸਨ – ''ਸਤਿਗੁਰੂ ਜੀ * ਜੋ ਕੁਝ ਭੀ ਸਾਡੇ ਕੋਲ ਸਭ ਤੋਂ ਕੀਮਤੀ ਸੀ, ਅਸੀਂ ਵੇਚ ਵੱਟ ਕੇ ਤੁਹਾਡੇ ਚਰਨਾਂ ਵਿਚ ਅਰਪਣ ਕਰਦੇ ਹਾਂ। ਸਾਡੀਆਂ ਨਿਮਾਣੀਆਂ ਜਾਨਾਂ ਤੇ ਮਿੱਟੀ ਦੇ ਪੁਤਲੇ ਸਰੀਰ ਭੀ, ਜੇ ਤੁਹਾਡੇ ਹੁਕਮ ਵਿਚ ਰਹਿੰਦਿਆਂ ਧਰਮ ਅਰਥ ਲੇਖੇ ਲੱਗ ਜਾਣ ਤਾਂ ਅਸੀਂ ਅਪਣੇ ਵੱਡੇ ਭਾਗ ਸਮਝਾਂਗੇ ਤੁਹਾਡੀ ਹਜ਼ੂਰੀ ਵਿਚ ਮਰਕੇ ਅਸੀਂ ਅਮਰ ਹੋ ਜਾਵਾਂਗੇ। ਸਾਡੀ ਲੋੜ ਕੇਵਲ ਇੰਨੀ ਹੈ ਕਿ ਰੁੱਖਾ-ਮਿੱਸਾ ਦੋ ਵਕਤ ਪ੍ਰਸ਼ਾਦਾ, ਤਨ ਢਕਣ ਲਈ ਸਾਦੇ ਜਿਹੇ ਖੱਦਰ ਦੇ ਕਪੜੇ ਤੇ ਬਸ...''।

ਦਸਮ ਪਿਤਾ ਅੱਗੋਂ ਪਿਆਰ ਅਸੀਸ ਦਿੰਦੇ ਫੁਰਮਾਉਂਦੇ – ਗੁਰਸਿੱਖੋ * ਤੁਸੀਂ ਗੁਰੂ ਨਾਨਕ ਦੇ ਦਰ ਤੇ ਆਕੇ ਵਿਸ਼ਵਾਸ ਪ੍ਰਗਟ ਕੀਤਾ ਹੈ, ਤੁਹਾਡਾ ਸੁਆਗਤ ਹੈ। ਗੈਰਤਹੀਣ, ਧਰਮ ਤੋਂ ਸੱਖਣੇ ਜੀਵਨ ਨਾਲੋਂ ਸੂਰਮਿਆਂ ਵਾਲੀ ਮੌਤ ਹਜਾਰ ਦਰਜੇ ਚੰਗੀ ਹੈ। ਜੇ ਇਹ ਜਿੰਦਗੀ ਜੁਲਮ ਦੀ ਚੱਕੀ ਵਿਚ ਪਿਸ ਰਹੇ ਲੋਕਾਂ ਦੀ ਭਲਾਈ ਖਾਤਰ ਲੇਖੇ ਲੱਗ ਜਾਵੇ ਤਾਂ ਇਹ ਸੌਦਾ ਕੋਈ ਮਹਿੰਗਾ ਨਹੀਂ। ਤੁਸੀਂ ਗੁਰੂ ਘਰ ਤੇ ਅਥਾਹ ਭਰੋਸਾ ਪ੍ਰਗਟ ਕੀਤਾ ਹੈ, ਇਥੋਂ ਤੁਹਾਨੂੰ ਮਰਨ ਜਿਉਂਣ ਦੀ ਜਾਚ ਸਿਖਾਈ ਜਾਵੇਗੀ।''

ਸਤਿਗੁਰੂ ਜੀ ਦੀ ਪਾਵਨ ਸਖਸੀਅਤ, ਸੇਵਾ ਭਾਵਨਾ, ਉੱਚੇ ਸੁੱਚੇ ਭਵਿਖ, ਸੰਵਾਰਨ ਵਾਲੇ ਵਿਚਾਰ, ਜੁਲਮ ਵਿਰੁੱਧ ਟੱਕਰ ਲੈਣ ਦਾ ਠਾਠਾਂ ਮਾਰਦਾ ਅਥਾਹ ਜੋਸ਼। ਲੋਕੀ ਭੌਰਿਆਂ

ਪਤੰਗਿਆਂ ਵਾਂਗ ਅਨੰਦਪੁਰ ਸਾਹਿਬ ਵਹੀਰਾਂ ਘੱਤ ਕੇ ਪੁੱਜ ਰਹੇ ਸਨ। ਦਸਵੰਧ ਵਿਚ ਹੀ ਅਪਣਾ ਕੀਮਤੀ ਵਕਤ, ਅੰਨ ਬਸਤਰ, ਉਠ ਘੋੜੇ, ਗੋਲੀ ਸਿੱਕਾ ਤਾਂ ਭੇਟ ਕਰ ਹੀ ਰਹੇ ਸਨ, ਅਪਣੀਆਂ ਸੋਹਣੀਆਂ ਜੁਆਨੀਆਂ ਭੀ ਦਸਵੰਧ ਵਾਂਗ ਹੀ ਅਰਪਣ ਕੀਤੀਆਂ ਜਾ ਰਹੀਆਂ ਸਨ। ਬਹਾਦਰ ਮਾਵਾਂ ਪੁਤਰਾਂ ਦਾ ਦਾਨ ਕਰ ਰਹੀਆਂ ਸਨ। ਸੱਜ ਵਿਆਈਆਂ ਵਹੁਟੀਆਂ ਸਿਰਾਂ ਦੇ ਸਾਂਈ ਅਪਣੇ ਜੀਵਨ ਸਾਥੀਆਂ ਨੂੰ ਗੁਰੂ ਦਰਬਾਰ ਵੱਲ ਮਨੁੱਖਤਾ ਦੀ ਸੇਵਾ ਕਰਨ ਲਈ ਟੋਰ ਰਹੀਆਂ ਸਨ। ਕਈ ਭਾਗਾਂ ਵਾਲੀਆਂ ਮਾਤਾ ਭਾਗ ਕੌਰ ਦਾ ਰੂਪ ਧਾਰਨ ਕਰ, ਸਿਰ ਤੇ ਖੱਫਣ ਬੰਨ੍ਹ ਕੇ, ਹਥਿਆਰ ਸਜਾਕੇ, ਘੋੜੇ ਤੇ ਸਵਾਰ ਹੋ ਕੇ, ਖੁਦ ਹੀ ਮੈਦਾਨ ਵਿਚ ਜੂਝ ਰਹੀਆਂ ਸਨ। ਬੇਅੰਤ ਬੀਬੀਆਂ ਭੈਣਾਂ ਪੁਰਖਾਂ ਦੀ ਗੈਰ ਹਾਜਰੀ ਵਿਚ, ਲੱਖਾਂ ਦੁਖ ਭੋਗਦੀਆਂ ਪ੍ਰਵਾਰ ਨੂੰ ਜਿਵੇ ਂ ਕਿਵੇਂ ਸੰਭਾਲ ਰਹੀਆਂ ਸਨ। ਬੱਚੇ ਬੱਚੀਆਂ ਨੂੰ ਗੁਰਬਾਣੀ ਰਾਹੀਂ ਸਿੱਖੀ ਵਿਚ ਪ੍ਰਪੱਕ ਕਰ ਰਹੀਆਂ ਸਨ।

ਦਸਵੰਧ ਦੀ ਇਸ ਪਾਵਨ ਭੇਟ ਵਿਚੋਂ ਹੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ, ਅਨੰਦਪੁਰ ਸਾਹਿਬ ਨੂੰ ਸੁਰੱਖਿਆ ਦੇ ਨੁਕਤਾ ਨਿਗਾਹ ਤੋਂ ਨਵੀਂ ਤਰਤੀਬ ਦਿੱਤੀ। ਸ਼ਹਿਰ ਦੀ ਰਾਖੀ ਵਾਸਤੇ, ਮਜਬੂਤ ਪੰਜ ਕਿਲੇ ਬਣਵਾਏ। ਕਿਲਿਆਂ ਵਿਚ ਰਸਦ ਪਾਣੀ, ਤੇ ਲੋੜੀਂਦੇ ਸਸ਼ਤਰ ਦੇ ਕੇ, ਪੰਜ ਪੰਜ ਸੌ ਗੱਭਰੂ ਤੈਨਾਤ ਕੀਤੇ ਗਏ। ਇਸੇ ਦਸਵੰਧ ਦੀ ਮਾਇਆ ਵਿਚੋਂ, ਜੀਵਨ ਚੰਗਿਆੜੀ ਨੂੰ ਮਘਾਉਣ ਵਾਸਤੇ, ਬੀਰ ਰਸੀ ਕਵਿਤਾਵਾਂ ਤੇ ਸਾਹਿਤ ਦੀ ਰਚਨਾ ਕਰਨ ਲਈ, ਬਵੰਜਾ ਕਵੀ ਤੇ ਸਾਹਿਤਕਾਰ ਰਖੇ ਗਏ ਜਿਨ੍ਹਾਂ ਨੂੰ ਸੁਣ ਪੜ੍ਹਕੇ ਨੌਜਵਾਨਾਂ ਦੇ ਡੌਲੇ ਫਰਕਣ ਲਗ ਪੈਂਦੇ। ਸਾਰੇ ਦੇਸ਼ ਅੰਦਰ ਨਵ ਚੇਤਨਾ ਦੀ ਇਕ ਜੋਰਦਾਰ ਲਹਿਰ ਚੱਲ ਪਈ। ਗੁਰੂ ਘਰ, ਹਰ ਮਾਈ ਭਾਈ ਲਈ ਹੱਕ ਸੱਚ ਦਾ ਪ੍ਰਤੀਕ ਬਣਕੇ ਆਮ ਲੋਕਾਂ ਨੂੰ ਸਕੂਨ ਦੇ ਰਿਹਾ ਸੀ। ਦੂਜੇ ਪਾਸੇ ਜਾਲਮਾਂ ਹਾਕਮਾਂ ਦੀ ਹਿੱਕ ਵਿਚ ਕੰਡੇ ਵਾਂਗ ਚੁੱਭ ਰਿਹਾ ਸੀ। ਇਹਨਾਂ ਗੁਰੂ ਵਰਸਾਏ ਕਵੀਆਂ ਨੂੰ ਜਿੰਦਗੀ ਦੀਆਂ ਲੋੜਾਂ ਵਾਸਤੇ ਖਰਚ ਅਤੇ ਮਾਨ ਸਨਮਾਨ ਲਈ ਸਭ ਕੁਝ ਗੁਰੂ ਕੀ ਗੋਲਕ ਵਿਚੋਂ

ਹੀ ਦਿੱਤਾ ਜਾਂਦਾ ਸੀ।

ਇੱਕ ਵਾਰੀ ਅਨੰਦਪੁਰ ਸਾਹਿਬ ਵਿਖੇ, ਗੁਰੂ ਦਰਬਾਰ ਵਿਚ ਵਿਸਾਖੀ ਦੇ ਜੋੜ ਮੇਲ ਵਕਤ ਸਦਾ ਵਾਂਗ ਮਾਇਆ ਤੇ ਅੰਨ ਬਸਤਰ ਦੇ ਅੰਬਾਰ ਲੱਗ ਗਏ। ਸ਼ਰਧਾਵਾਨ ਮਾਈ ਭਾਈ ਸੋਨਾ ਚਾਂਦੀ, ਰੁਪੈ ਪੈਸੇ ਖੁੱਲੇ ਦਿਲ ਨਾਲ ਅਰਦਾਸਾਂ ਕਰਵਾ ਰਹੇ ਸਨ। ਕੁਝ ਜਗਿਆਸੂ ਭਾਰਤ ਦੇ ਧੁਰ ਪੂਰਬੀ ਹਿੱਸੇ ਵਿਚੋਂ ਗੁਰੂ ਦਰਸ਼ਨਾਂ ਲਈ ਪਹਿਲੀ ਵਾਰੀ ਆਏ ਹੋਏ ਸਭ ਕੁਝ ਬੜੇ ਗਹੁ ਨਾਲ ਵੇਖ ਰਹੇ ਸਨ। ਉਹਨਾਂ ਨੂੰ ਬੜੀ ਹੈਰਾਨੀ ਹੋ ਰਹੀ ਸੀ ਕਿ ਇਕ ਭਰ ਜੁਆਨ ਗਭਰੂ ਹੋਏ ਅਣਗਿਣਤ ਸਿੱਖ ਸੇਵਕ ਹੋਣ, ਉਪਰ ਬੇਸ਼ੁਮਾਰ ਦੌਲਤ ਬਰਸ ਰਹੀ ਹੋਵੇ , ਤਾਂ ਦਿਮਾਗ ਟਿਕਾਣੇ ਰਹਿਣਾ ਅਸੰਭਵ ਹੈ। ਉਹਨਾਂ ਅਪਣੀ ਵੇਦਨਾ ਗੁਰੂ ਗੋਬਿੰਦ ਸਿੰਘ ਜੀ ਅੱਗੇ ਪ੍ਰਗਟ ਕਰ ਦਿੱਤੀ। ‘‘ਤੁਸੀ ਸੇਵਕਾਂ ਤੋਂ ਧਨ ਪਦਾਰਥ ਪ੍ਰਾਪਤ ਕਰ ਰਹੇ ਹੋ, ਕੀ ਇਹ ਠੀਕ ਹੈ ? ਕੀ ਸਾਧੂਆਂ ਮਹਾਤਮਾਂ ਨੂੰ ਇਸ ਤਰ੍ਹਾਂ ਮਾਇਆ ਲੈਣੀ ਸ਼ੋਭਦੀ ਹੈ ?’’ ਸਤਿਗੁਰੂ ਜੀ ਨੇ ਜੁਆਬ ਦਿਤਾ – ‘‘ਪਹਿਲੀ ਗਲ ਤਾਂ ਇਹ ਹੈ ਕਿ ਅਗਰ ਸੰਗਤਾਂ ਨੂੰ ਗੁਰੂ ਨਾਨਕ ਦੇ ਦਰ ਤੇ ਪੂਰਨ ਵਿਸ਼ਵਾਸ ਨਾ ਹੁੰਦਾ ਤਾਂ ਇੰਨੀ ਦੌਲਤ ਇਥੇ ਆਉਣੀ ਹੀ ਨਹੀਂ ਸੀ। ਦੂਜੇ ਤੁਸੀਂ ਇਥੇ ਕੁਝ ਦਿਨ ਟਿਕ ਕੇ ਵੇਖ ਲੈਣਾ, ਇਸ ਧਨ ਵਿਚੋਂ ਮੈਂ ਤੇ ਮੇਰਾ ਪ੍ਰਵਾਰ ਨਿੱਜੀ ਐਸ਼ ਪ੍ਰਸਤੀ ਵਾਸਤੇ ਕਿੰਨੀ ਮਾਇਆ ਵਰਤਾਂਗੇ ਤੇ ਸਾਂਝੀਆਂ ਲੋੜਾਂ ਵਾਸਤੇ ਕਿੰਨੀ? ਮੈਂ ਇਸ ਸਭ ਕਾਸੇ ਦਾ ਰਾਖਾ ਹਾਂ, ਇਕ ਤਰਫੋਂ ਆਈ ਤੇ ਦੂਸਰੀ ਤਰਫ ਵਰਤਾ ਦਿੰਦਾ ਹਾਂ। ਮੇਰੀਆਂ ਨਿਜੀ ਲੋੜਾਂ ਅਤੀ ਸੀਮਤ ਹਨ। ਤੁਸੀਂ ਵੇਖਦੇ ਰਹਿਣਾ, ਮੈਂ ਵਚਨ ਦਿੰਦਾ ਹਾਂ, ਵਕਤ ਆਉਣ ਤੇ ਦਸਵੰਧ ਵਾਂਗ ਹੀ, ਮੈਂ ਪੰਥ ਪਿਆਰੇ ਤੋਂ ਸਭ ਕੁਝ ਲੁਟਾ ਦਿਆਂਗਾ। ਸਮੇਤ ਪ੍ਰਵਾਰ ਦੇ, ਇਨਸਾਨੀਅਤ ਤੋਂ ਜੋ ਵਾਰਨਾ ਪਿਆ ਤਾਂ ਵਾਰ ਦਿਆਂਗਾ। ਕੁਝ ਭੀ ਅਪਣੇ ਕੋਲ ਲੁਕਾਕੇ ਨਹੀਂ ਰੱਖਾਂਗਾ, ਇਹ ਸਰੀਰ ਭੀ ਪਿਆਰਾ ਨਹੀਂ ਰੱਖਾਂਗਾ।’’ ਸੱਚ ਮੁੱਚ ਹੀ ਦਸਮ ਪਿਤਾ ਨੇ ਜੋ ਕਿਹਾ ਸੋ ਕਰ ਵਿਖਾਇਆ।

ਗੁਰੂ ਹੁਕਮਾਂ ਵਿਚ ਚਲਦਿਆਂ, ਦੂਰ ਦਰਾਜ ਦੇ ਇਲਾਕਿਆਂ ਵਿਚ ਜੀਵਨ ਵਾਲੇ ਗੁਰਸਿੱਖ ਬਹੁਤ ਲੰਮੇ ਸਮੇਂ ਤੋਂ ਧਰਮ ਪ੍ਰਚਾਰ ਕਰਦੇ ਆ ਰਹੇ ਸਨ। ਨਾਲ ਹੀ ਸੰਗਤਾਂ ਤੋਂ ਦਸਵੰਧ ਦੀ ਮਾਇਆ ਇਕੱਤਰ ਕਰਕੇ, ਸਾਲ ਛਿਮਾਹੀ ਪਿਛੋਂ ਗੁਰੂ ਦਰਬਾਰ ਵਿਚ ਭੇਜਦੇ ਰਹਿੰਦੇ ਸਨ। ਸਮਾਂ ਬੀਤਣ ਨਾਲ ਕੁਝ ਸਵਾਰਥੀ ਵਿਅਕਤੀਆਂ ਨੇ ਦਸਵੰਧ, (ਗੁਰੂ ਕੀ ਗੋਲਕ) ਦੀ ਪਵਿੱਤਰ ਅਮਾਨਤ ਵਿਚ ਖਿਆਨਤ ਕਰਨੀ ਸ਼ੁਰੂ ਕਰ ਦਿੱਤੀ। ਦਸਮ ਪਾਤਸ਼ਾਹ ਜੀ ਦੇ ਜਦੋਂ ਇਹ ਗੱਲ ਧਿਆਨ ਵਿਚ ਆਈ ਤਾਂ ਅਜਿਹੀਆਂ ਮੰਦ ਕਰਤੂਤਾਂ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਗਈ। ਇਮਾਨਦਾਰ ਮਸੰਦਾਂ ਨੂੰ ਗੁਰੂ ਦਰਬਾਰ ਵਿਚ ਸੱਦ ਕੇ ਸਨਮਾਨਤ ਕੀਤਾ ਗਿਆ। ਕੁਝ ਨੀਵੀਂ ਬਿਰਤੀ ਵਾਲੇ ਲੋਕ ਜਦੋਂ ਫਿਰ ਭੀ ਬਾਜ ਨਾ ਆਏ, ਸਗੋਂ ਗੁਰੂ ਘਰ ਪ੍ਰਤੀ ਅਪਮਾਨ ਜਨਮ ਸ਼ਬਦ ਬੋਲਣ ਲਗੇ ਅਤੇ ਗੁਰੂ ਜੀ ਦੀ ਬੇਦਾਗ, ਤੇ ਸਤਿਕਾਰਯੋਗ ਸਖਸ਼ੀਅਤ ਪ੍ਰਤੀ ਭੀ, ਜ਼ਹਿਰ ਉਗਲਣ ਲੱਗੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਪ੍ਰਨਾਲੀ ਦਾ ਸਦਾ ਵਾਸਤੇ ਖਾਤਮਾ ਕਰ ਦਿੱਤਾ। ਸਿੱਖ ਸੰਗਤਾਂ ਦੇ ਨਾਮ ਤੁਰੰਤ ਹੁਕਮਨਾਮੇ ਜਾਰੀ ਕਰ ਦਿੱਤੇ ਗਏ ਕਿ ਅੱਗੇ ਤੋਂ ਤੁਸੀਂ ਸਿੱਧੇ ਗੁਰੂ ਘਰ ਨਾਲ ਰਾਬਤਾ ਰੱਖਣਾ, ਕਿਸੇ ਵਿਚੋਲੇ (ਮਸੰਦ) ਨੂੰ ਆਪਣੀ ਕਿਰਤ ਨਾ ਦੇਣੀ। ਖੁਦ ਟੋਲੀਆਂ ਬੰਨ ਕੇ ਆਉਣ ਤੇ ਦਸਵੰਧ ਗੁਰੂ ਦਰਬਾਰ ਵਿਚ ਅਰਪਣ ਕਰਨਾ।

ਗੁਰੂ ਪਾਤਸ਼ਾਹ ਹਜ਼ੂਰ ਨੇ ਸਤਿਕਾਰ ਸਹਿਤ ਆਈ ਦਸਾਂ ਨਹੁੰਆਂ ਦੀ ਕਿਰਤ ਦਾ ਦਸਵਾਂ ਹਿੱਸਾ, ਬੜੇ ਸੰਕੋਚਵੇਂ ਤੇ ਸੁਚੱਜੇ ਢੰਗ ਨਾਲ ਵਰਤਿਆ। ਥਾਂ ਥਾਂ ਧਰਮਸ਼ਾਲਾਵਾਂ ਬਣਵਾਈਆਂ, ਸਰੋਵਰ ਪੁਟਵਾਏ, ਖੂਹ ਲਗਵਾਏ। ਲੋੜਵੰਦਾਂ ਵਾਸਤੇ ਲੰਗਰ ਤਾਂ ਹਰ ਵਕਤ ਹੀ ਚਲਦੇ ਰਹਿੰਦੇ ਹਨ। ਹਰ ਕਿਸਮ ਦੇ ਰੋਗ ਨਵਿਰਤੀ ਲਈ ਸਫਾਖਾਨੇ ਖੋਹਲੇ ਗਏ ਜਿਨ੍ਹਾਂ ਵਿਚ ਲਾਇਲਾਜ ਰੋਗਾਂ ਦਾ ਭੀ ਇਲਾਜ ਕੀਤਾ ਜਾਂਦਾ ਸੀ। ਕਰਤਾਰਪੁਰ, ਗੋਇਦਵਾਲ, ਅੰਮ੍ਰਿਤਸਰ, ਤਰਨਤਾਰਨ, ਕਰਤਾਰਪੁਰ (ਜਲੰਧਰ ਕੋਲ) ਹਰਿਗੋਬਿੰਦਪੁਰ, ਕੀਰਤਪੁਰ ਅਨੰਦਪੁਰ...।

ਇਹ ਸਾਰੇ ਸ਼ਹਿਰ ਉਦੋਂ ਵਸਾਏ ਜਦੋਂ ਜਾਲਮ ਹਕੂਮਤ ਘੁੱਗ ਵਸਦੇ ਸ਼ਹਿਰਾਂ ਨੂੰ ਢਹਿਢੇਰੀ ਕਰ ਰਹੀ ਸੀ। ਧਰਮ ਮੰਦਰਾਂ ਨੂੰ ਮਿੱਟੀ ਵਿਚ ਮਿਲਾਇਆ ਜਾ ਰਿਹਾ ਸੀ। ਜਦੋਂ ਲੋੜ ਮਹਿਸੂਸ ਕੀਤੀ ਤਾਂ ਇਸ ਦਸਵੰਧ ਦੀ ਰਕਮ ਵਿਚੋਂ ਢਾਲਾਂ ਤਲਵਾਰਾਂ, ਨੇਜੇ, ਬਰਛੇ, ਤੀਰ ਤਰਕਸ਼, ਤੋਪਾਂ ਤੇ ਗੋਲਾ ਬਾਰੂਦ, ਹਾਥੀ ਅਤੇ ਘੋੜੇ ਖ੍ਰੀਦੇ ਗਏ। ਜੁਲਮ ਨੂੰ ਖਤਮ ਕਰਨ ਵਾਸਤੇ ਜਿਸ ਤਰ੍ਹਾਂ ਭੀ ਲੋੜ ਮਹਿਸੂਸ ਕੀਤੀ ਵਰਤਿਆ। ਧਰਮ ਦੀ ਅਤੇ ਦਬੀ ਕੁਚਲੀ ਜੰਤਾਂ ਦੀ ਰਾਖੀ ਵਾਸਤੇ, ਕਿਲੇ ਜੇ ਬਣਵਾਣੇ ਪਏ ਤਾਂ ਬਣਵਾਏ। ਪਰ ਸਦਾ ਨਿਸ਼ਾਨਾ ਇਹੀ ਸਾਹਮਣੇ ਰੱਖਿਆ ਕਿ ਹਰ ਹੀਲੇ ਨੀਵਿਆਂ ਨਿਮਾਣਿਆਂ ਦੀ ਸੰਭਾਲ ਕਰਨੀ ਹੈ। ਸੰਗਤਾਂ ਨੂੰ ਹਦਾਇਤ ਸੀ ਕਿ **''ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ।''** ਜਿਥੇ ਕਿਤੇ ਲੋੜਵੰਦ ਵੇਖੋ, ਉਸਦੀ ਸੇਵਾ ਕਰੋ, ਸਮਝੋ ਮੇਰੇ ਤੱਕ ਤੁਹਾਡੀ ਦਸਵੰਧ ਦੀ ਮਾਇਆ ਪਹੁੰਚ ਗਈ ਹੈ। ਇਸ ਪਵਿਤਰ ਭਾਵਨਾ ਨਾਲ ਅਰਪਣ ਕੀਤੇ ਗਏ ਧਨ ਦੀ ਨਜਾਇਜ ਵਰਤੋਂ ਸਤਿਗੁਰੂ ਜੀ ਨੇ ਕਦੀ ਨਹੀਂ ਹੋਣ ਦਿੱਤੀ। ਨਾ ਹੀ ਬਰਦਾਸ਼ਤ ਕੀਤੀ। ਕੀ ਅਸੀਂ ਸਤਿਗੁਰੂ ਜੀ ਦੇ ਉਪਦੇਸ਼ਾਂ ਤੋਂ ਕੋਈ ਸਾਰਥਕ ਸੇਧ ਲੈ ਸਕਾਂਗੇ ?

ਦਸਵੰਧ ਪ੍ਰਪੰਰਾ

(ਉੱਤਰ ਗੁਰੂ ਕਾਲ ਤੇ ਅੱਜ : ਭਾਗ – ਦੂਜਾ)

ਅਠਾਰਵੀਂ ਸਦੀ ਦੇ ਭਿਆਨਕ ਦੌਰ ਵਿਚ ਭੀ, ਇਹ ਦਸਵੰਧ ਦੀ ਪਿਰਤ ਕਿਸੇ ਨੇ ਕਿਸੇ ਰੂਪ ਵਿਚ ਚਲਦੀ ਰਹੀ। ਭਾਵੇਂ ਇਹਨਾਂ ਦਿਨਾਂ ਵਿਚ ਸਿੰਘ ਜਾਲਮ ਹਕੂਮਤ ਦੇ ਖਜਾਨੇ ਭੀ ਲੁੱਟ ਲੈਂਦੇ ਸਨ। ਆਮ ਬੇਕਸੂਰ ਲੋਕਾਂ ਤੇ ਜੁਲਮ ਢਾਹੁਣ ਵਾਲਿਆਂ ਨੂੰ ਭੀ ਕਰਾਰੀ ਸਜਾ ਦੇ ਦਿਆ ਕਰਦੇ ਸਨ, ਪਰ ਹਰ ਇਕ ਜਥੇਦਾਰ, ਜਾਂ ਵਿਅਕਤੀਗਤ ਸਿੱਖ, ਸਾਰੀ ਧਨ ਰਾਸ਼ੀ ਸਾਂਝੇ ਪੰਥਕ ਖਜਾਨੇ ਵਿਚ ਜਮਾਂ ਕਰਵਾ ਦਿੰਦਾ ਸੀ। ਅਪਣੀਆਂ ਘਰੇਲੂ ਲੋੜਾਂ ਵਾਸਤੇ ਜਥੇਦਾਰ

ਤੋਂ ਰੁਪੈ ਮੰਗ ਕੇ ਲੈ ਲੈਂਦਾ ਸੀ। ਲੰਗਰ ਸਾਰਿਆਂ ਦਾ ਸਾਂਝਾ ਹੁੰਦਾ ਸੀ। ਕੱਪੜਾ ਲੀੜਾ, ਹਥਿਆਰ ਘੋੜੇ ਸਭ ਸਾਂਝੇ ਪੰਥਕ ਮਾਲਕੀ ਸਨ। ਮਿਸਲਾਂ ਤੋਂ ਅਗਲਾ ਦੌਰ, ਮਹਾਰਾਜਾ ਰਣਜੀਤ ਸਿੰਘ ਦਾ ਸੀ। ਇਸ ਵਕਤ ਦਸਵੰਧ ਦੀ ਮਰਿਆਦਾ ਭਾਵੇਂ ਕੁਝ ਢਿੱਲੀ ਪੈ ਗਈ, ਪਰ ਮਹਾਰਾਜੇ ਨੇ ਗੁਰਦਵਾਰਿਆਂ ਦੇ ਨਾਮ ਆਮਦਨ ਦੇ ਪੱਕੇ ਸਾਧਨ ਜੁਟਾ ਦਿੱਤੇ। ਜਾਂ ਤੇ ਸਾਲਾਨਾ ਨਕਦ ਰੁਪੈ, ਜਾਂ ਕਾਫੀ ਸਾਰੀ ਉਪਜਾਊ ਜਮੀਨ, ਇਤਿਹਾਸਕ ਗੁਰਦਵਾਰਿਆਂ ਦੇ ਨਾਮ ਲਗਵਾ ਦਿੱਤੀ। ਤਾਂ ਕਿ ਗੁਰੂ ਘਰ ਵਲੋਂ ਲੋੜਵੰਦਾਂ ਦੀ ਸੇਵਾ ਸੰਭਾਲ ਵਿਚ ਕੋਈ ਔਕੜ ਪੇਸ਼ ਨਾ ਆਵੇ। ਸਮੇਂ ਦੇ ਫੇਰ ਨਾਲ ਯੋਗ ਪ੍ਰਬੰਧ ਨਾ ਹੋਣ ਕਾਰਨ ਗੁਰਦਵਾਰਿਆਂ ਵਿਚ ਕੁੱਝ ਦੁਖਦਾਈ ਘਟਨਾਵਾਂ ਵਾਪਰਨ ਲੱਗ ਪਈਆਂ। ਇਹਨਾਂ ਸਭ ਦਾ ਇਥੇ ਜਿਕਰ ਕੀਤਾ ਜਾਣਾ ਯੋਗ ਨਹੀ ਹੈ। ਨਨਕਾਣਾ ਸਾਹਿਬ ਦੇ ਪਾਪੀ ਮਹੰਤ ਦੀਆਂ ਘਿਰਣਾ ਯੋਗ ਮੰਦ ਕਰਤੂਤਾਂ ਤੋਂ ਹਰ ਕੋਈ ਵਾਕਫ ਹੈ। ਬਾਕੀ ਧਰਮ ਅਸਥਾਨਾਂ ਵਿਚ ਸਥਿਤੀ ਇਸ ਤੋਂ ਕੋਈ ਜਿਆਦਾ ਬਿਹਤਰ ਨਹੀਂ ਸੀ। ਕਿਉਂਕਿ ਗੁਰਦਵਾਰੇ ਸਾਂਝੇ ਅਤੇ ਪੰਥਕ ਨਾ ਹੋ ਕੇ ਜੱਦੀ ਜਾਇਦਾਤ ਦਾ ਰੂਪ ਧਾਰਨ ਕਰਦੇ ਜਾ ਰਹੇ ਸਨ। ਗੁਰੂ ਕੀ ਪਵਿੱਤਰ ਗੋਲਕ ਨੂੰ ਨਿੱਜੀ ਐਸ਼ਪ੍ਰਸਤੀ ਵਾਸਤੇ ਬੜੀ ਬੇਦਰਦੀ ਨਾਲ ਰੋਹੜਿਆ ਜਾ ਰਿਹਾ ਸੀ। ਬਹੁਤ ਲੰਮੀ ਅਤੇ ਮਾਰੂ ਲੜਾਈ ਤੋਂ ਬਾਅਦ ਗੁਰਦਵਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਆ ਸਕੇ।

ਮੌਜੂਦਾ ਸਮੇਂ ਦਸਵੰਧ (ਜਾਂ ਚੜ੍ਹਾਵਾ) ਦੀ ਇਸ ਰਕਮ ਨਾਲ ਭਾਵੇਂ ਬਹੁਤ ਸਾਰੇ ਚੰਗੇ ਕਾਰਜ ਭੀ ਹੋ ਰਹੇ ਹਨ। ਪਰ ਹਾਲੀ ਮਨੁੱਖਤਾ ਦੇ ਭਲੇ ਵਾਲਾ ਹੋਰ ਬਹੁਤ ਕੁਝ ਬਾਕੀ ਕਰਨ ਵਾਲਾ ਪਿਆ ਹੈ। ਵੈਸੇ ਤਾਂ ਸਿੱਖਾਂ ਦੀ ਚੁਨੀਂਦਾ ਜਥੇਬੰਦੀ ਹੋਣ ਕਾਰਨ ਸਾਰੇ ਕਾਰਜ ਕਰਨ ਦਾ ਅਧਿਕਾਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕੋਲ ਹੀ ਹੋਣਾ ਚਾਹੀਦਾ ਹੈ। ਜੇ ਇਸ ਤਰ੍ਹਾਂ ਕਿਸੇ ਕਾਰਨ ਸੰਭਵ ਨਾ ਹੋ ਸਕੇ ਤਾਂ ਇੱਕ ਇੱਕ ਸ਼ਹਿਰ ਦੀਆਂ ਸਾਰੀਆਂ ਗੁਰਦਵਾਰਾ ਪ੍ਰਬੰਧਕ ਕਮੇਟੀਆਂ (ਲੋਕਲ ਤੌਰ ਤੇ) ਮਿਲ ਕੇ ਇੱਕ ਤਾਲਮੇਲ ਕਮੇਟੀ ਬਣਾ ਲੈਣ। ਇਸ ਤਾਲਮੇਲ ਕਮੇਟੀ ਦਾ

ਇੱਕ ਸਾਂਝਾ ਫੰਡ ਕਾਇਮ ਕਰਕੇ ਹਰ ਮਹੀਨੇ ਸਾਰੇ ਇਸ ਵਿਚ ਅਪਣਾ ਬਣਦਾ ਸਰਦਾ ਹਿੱਸਾ ਪਾਉਣ। ਇਕੱਠੀ ਹੋਈ ਮਾਇਆ ਤੋਂ, ਯੋਗ ਫਾਇਦਾ ਲੈਣ ਵਾਸਤੇ, ਅਨੇਕਾਂ ਪ੍ਰਾਜੈਕਟ ਉਲੀਕੇ ਜਾ ਸਕਦੇ ਹਨ। ਕੁਝ ਸਾਦੀ ਜਿਹੀ ਰੂਪ ਰੇਖਾ ਇਹਨਾਂ ਕੀਤੇ ਜਾਣ ਵਾਲੇ ਕੰਮਾਂ ਦੀ ਇਸ ਤਰ੍ਹਾਂ ਹੋ ਸਕਦੀ ਹੈ –

ਇਕੱਤਰ ਹੋਈ ਗੁਰੂ ਕੀ ਗੋਲਕ ਨਾਲ, ਵੱਧ ਤੋਂ ਵੱਧ ਗੁਰਮਤਿ ਸਿੱਖਿਆ ਕੇਂਦਰ ਖੋਲ੍ਹੇ ਜਾਣ। ਹਰ ਜਿਲਾ ਹੈਡ ਕੁਆਟਰ ਤੇ ਜਾਂ ਸਿੱਖਾਂ ਦੀ ਆਬਾਦੀ ਦੇ ਹਿਸਾਬ ਨਾਲ ਸਿੱਖਿਆ ਕੇ ਂਦਰਾਂ ਦੀ ਫੌਰੀ ਤੌਰ ਤੇ ਲੋੜ ਹੈ। ਜਿਥੋਂ ਲੋੜਵੰਦ ਬੱਚੇ ਬੱਚੀਆਂ ਗੁਰਬਾਣੀ ਦਾ ਸ਼ੁਧ ਪਾਠ, ਗੁਰਸ਼ਬਦ ਦੀ ਕਥਾ, ਲੈਕਚਰ, ਨਿਰਧਾਰਤ ਰਾਗਾਂ ਵਿਚ ਕੀਰਤਨ ਅਤੇ ਸ਼ਾਨਾਂ ਮੱਤੇ ਇਤਿਹਾਸ ਬਾਰੇ ਸੋਝੀ ਪ੍ਰਾਪਤ ਕਰ ਸਕਣ। ਸਿੱਖ ਪੰਥ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਵਾਲਾ ਸਾਡੇ ਕੋਲ ਇਸ ਤਰ੍ਹਾਂ ਦਾ ਇਕ ਭੀ ਅਦਾਰਾ ਨਹੀਂ ਹੈ। ਹੱਥੀਂ ਕਿਰਤ ਕਰਕੇ ਆਪਣੇ ਪੈਰਾਂ ਤੇ ਖੜੇ ਹੋਣ ਯੋਗ ਬਣਾਉਣ ਲਈ ਕਿੱਤਾ ਮੁਖੀ ਕੋਰਸ ਚਾਲੂ ਕੀਤੇ ਜਾ ਸਕਦੇ ਹਨ। ਸਕੂਲਾਂ ਕਾਲਜਾਂ ਵਿਚ ਪੜ੍ਹ ਰਹੇ ਹੁਸ਼ਿਆਰ ਬੱਚਿਆਂ ਦੀ ਸਹਾਇਤਾ, ਤੇ ਯੋਗ ਅਗਵਾਈ ਕੀਤੀ ਜਾਣੀ ਚਾਹੀਦੀ ਹੈ। ਸਮੇਂ ਸਮੇਂ ਸਕੂਲਾਂ ਵਿਚ ਗੁਰਮਤਿ ਸਿੱਖਿਆ ਕੈਂਪ ਲਾਏ ਜਾਣ। ਖੇਢਾਂ ਵਿਚ ਸਾਡੇ ਨੌਜਵਾਨ, ਸਰੀਰਕ ਪੱਖੋਂ ਮਜਬੂਤ ਹੋਣ ਕਰਕੇ ਬਹੁਤ ਅੱਛੀ ਕਾਰਗੁਜਾਰੀ ਵਿਖਾ ਸਕਦੇ ਹਨ। ਖੇਢਾਂ ਬਾਰੇ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਪਿੰਡਾਂ ਤੇ ਕਸਬਿਆਂ ਵਿਚ ਧਾਰਮਕ ਪੁਸਤਕਾਂ ਦੀਆਂ ਲਾਇਬ੍ਰੇਰੀਆਂ ਸਥਾਪਤ ਕੀਤੀਆਂ ਜਾਣ, ਜਿਥੋਂ ਗੁਰਮਤਿ ਦੀ ਜਾਣਕਾਰੀ ਮਿਲ ਸਕੇ। ਇਸ ਤਰ੍ਹਾਂ ਸਿੱਖੀ ਬਾਰੇ ਲਿਖਣ ਵਾਲੇ ਸਾਹਿਤਕਾਰਾਂ ਦਾ ਭੀ ਹੌਸਲਾ ਵਧੇਗਾ। ਸੁਲਝੇ ਹੋਏ ਕਲਾਕਾਰਾਂ ਤੋਂ ਆਡੀਓ ਵੀਡੀਓ, ਕੈਸਟਾਂ, ਕੀਰਤਨ, ਕਥਾ, ਨਾਟਕ ਆਦਿ ਦੀਆਂ ਤਿਅਰ ਕਰਵਾਕੇ ਗੁਰਦਵਾਰਿਆਂ ਦੇ ਨਾਲ, ਲਾਇਬ੍ਰੇਰੀਆਂ ਵਿਚ ਰੱਖੀਆਂ ਜਾਣ। ਵਾਜਬ ਕੀਮਤ ਤੇ ਜਾਂ ਕਿਰਾਏ ਤੇ ਹਰ ਇੱਕ ਦੀ ਪਹੁੰਚ ਵਿਚ ਹੋਣ। ਗੁਰਬਾਣੀ ਦੀਆਂ ਸਰਲ ਅਰਥ

ਵਾਲੀਆਂ ਪੋਥੀਆਂ, ਇਤਿਹਾਸ ਦੀਆਂ ਚੋਣਵੀਆਂ ਘਟਨਾਵਾਂ ਬਾਰੇ ਕਿਤਾਬਾਂ ਅਤੇ ਹੋਰ ਬਹੁਪੱਖੀ ਧਾਰਮਕ ਸਾਹਿਤ ਛਾਪਕੇ ਵੱਧ ਤੋਂ ਵੱਧ ਹੱਥਾਂ ਤੱਕ ਪੁਚਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਭਾਰਤ ਦੀਆਂ ਸਾਰੀਆਂ ਮੁਖ ਬੋਲੀਆਂ ਵਿਚ ਇਹਨਾਂ ਕਿਤਾਬਾਂ ਨੂੰ ਸਥਾਨਕ ਲੋੜਾਂ ਮੁਤਾਬਕ ਅਨੁਵਾਦ ਕਰਵਾਕੇ ਸਬੰਧਤ ਲੋਕਾਂ ਤੱਕ ਪੁਚਾਣੀਆਂ ਚਾਹੀਦੀਆਂ ਹਨ। ਦੁਨੀਆਂ ਦੀਆਂ ਪ੍ਰਮੁੱਖ ਭਾਸ਼ਾਵਾਂ, ਜਿਵੇਂ ਚੀਨੀ, ਜਰਮਨ, ਫਰੈਂਚ ਇੰਗਲਿਸ਼, ਯੂਨਾਨੀ, ਰੂਸੀ ਤੇ ਅਰਬੀ ਆਦਿ ਵਿਚ ਤਰਜਮੇ ਕਰਵਾ ਕੇ ਅਪਣੇ ਨੁਮਾਇਦਿਆਂ ਰਾਹੀਂ ਸਬੰਧਤ ਦੇਸ਼ਾਂ ਵਿਚ ਭੇਜਣਾ ਬਣਦਾ ਹੈ। ਅਧੁਨਿਕ ਮੀਡੀਏ ਦੇ ਸਾਧਨ ਅਪਣਾ ਕੇ ਬਹੁਤ ਧਰਮ ਪ੍ਰਚਾਰ ਕੀਤਾ ਜਾ ਸਕਦਾ ਹੈ। ਟੀ.ਵੀ. ਸੀਰੀਅਲ ਤੇ ਫਿਲਮਾਂ ਰਾਹੀਂ ਇਸ ਸਿੱਖੀ ਦੇ ਮਹਾਨ ਸਿਧਾਂਤਾਂ ਨੂੰ ਸੌਖਿਆਂ ਹੀ ਘਰ ਘਰ ਪੁਚਾਇਆ ਜਾ ਸਕਦਾ ਹੈ। ਅਫਸੋਸ ਕਿ ਇਸ ਪੱਖ ਬਾਰੇ ਸੋਚਣ ਵਾਸਤੇ ਤਾਂ ਸਾਡੇ ਮੁਖੀ ਹਾਲੀ ਤੱਕ ਵਕਤ ਹੀ ਨਹੀਂ ਕੱਢ ਸਕੇ। ਸੰਗੇਮਰਮਰ ਦੀਆਂ ਆਕਾਸ਼ ਛੋਹਦੀਆਂ ਕੀਮਤੀ ਇਮਾਰਤਾਂ ਤੇ ਬਹੁਤ ਵਿਸ਼ਾਲ ਸਰੋਵਰ ਤਾਂ ਬਣ ਰਹੇ ਹਨ ਜਿਹਨਾਂ ਢੰਗਾਂ ਤਰੀਕਿਆਂ ਨਾਲ ਸਿੱਖੀ ਵਧਣੀ ਫੁੱਲਣੀ ਸੀ ਉਹ ਪ੍ਰਾਜੈਕਟ ਤਾਂ ਹਾਲੀ ਸਿੱਖਾਂ ਦੇ ਸੁਪਨੇ ਵਿਚ ਭੀ ਨਹੀਂ ਆਏ। ਪਤਾ ਨਹੀਂ ਕਿੰਨੀ ਦੇਰ ਹੋਰ ਸੁੱਤੇ ਰਹਿਣਗੇ?

ਅਣਜਾਣਪੁਣੇ ਕਾਰਨ ਦਸਵੰਧ ਤਾਂ ਧਰਮ ਅਰਥ ਨਹੀਂ ਕੱਢਦੇ, ਕੁਝ ਥੋੜੀ ਜਿੰਨੀ ਭੇਟਾਂ, ਗੁਰੂ ਘਰ ਅਰਪਣ ਕਰਕੇ ਸਿੱਖ ਅਪਣੇ ਆਪ ਨੂੰ ''**ਦਾਨੀ**'' ਸਮਝ ਬੈਠਦੇ ਹਨ। ਦੋ ਚਾਰ ਦਸ ਦਮੜੇ ਗੁਰੂ ਘਰ ਦੇਕੇ ਹੰਕਾਰ ਵਿਚ ਭਰ ਜਾਂਦੇ ਹਨ। ਅਗਰ ਕਿਸੇ ਨੇ ਕੋਈ ਜਿਆਦਾ ਵੱਡੀ ਰਕਮ ਗੋਲਕ ਵਾਸਤੇ ਅਰਦਾਸ ਕਰਾਈ ਹੋਵੇ, ਫਿਰ ਤਾਂ ਮਾਨੋ ਜਮੀਨ ਉਤੇ ਪੈਰ ਨਹੀਂ ਟਿਕਦਾ। ਸਿਰ ਆਕਾਸ਼ ਨਾਲ ਜਾਂ ਛੂੰਹਦਾ ਹੈ। ਬਹੁਤਵਾਰੀ ਅਪਣੇ ਨਾਮ ਦੀਆਂ ਸਿਲਾਂ ਲਿਖਵਾਕੇ ਗੁਰੂ ਘਰ ਵਿਚ ਦਿਸਣ ਵਾਲੀ ਥਾਂ ਤੇ ਲਗਵਾਈਆਂ ਜਾਂਦੀਆਂ ਹਨ। ਗੁਰੂ ਸਵਾਰਿਓ * ਸਾਵਧਾਨ ਹੋਣ ਦੀ ਲੋੜ ਹੈ। ਸਿੱਖ ਦਾਨੀ ਹੋਣ ਦਾ ਭਰਮ ਨਾ ਪਾਲੇ, ਇਹ ਤਾਂ

ਨਿਰੋਲ ਮਨਮੁਖਤਾਈ ਹੈ। ਸਤਿਗੁਰੂ ਤੋਂ ਲੋਕ ਪ੍ਰਲੋਕ ਦੀਆਂ ਸਭੇ ਦਾਤਾਂ ਮੰਗਣ ਵਾਲਾ ਉਸੇ ਦਰ ਤੇ ਦਾਨੀ ਹੋਣ ਦਾ ਭਰਮ ਪਾਲੇ ? ਗੁਰਵਾਕ ਹੈ -

''ਹਮ ਭੀਖਕ ਭੇਖਾਰੀ ਤੇਰੇ ਤੂ ਨਿਜਪਤਿ ਹੈ ਦਾਤਾ।'' ਪੰਨਾ-666

ਇਥੇ ਤਾਂ ਨਿਰਸੰਕੋਚ ਸਭ ਕੁਝ ਅਕਾਲ ਪੁਰਖ ਤੋਂ ਮੰਗਿਆ ਜਾ ਰਿਹਾ ਹੈ-

''ਸਾਜਨੋ ਤੂੰ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ।।

ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹਿ।।''

ਮੁਕਤਿ ਜੁਗਤਿ ਭੁਗਤਿ ਪੂਰਨ, ਪਰਮਾਨੰਦ ਪਰਮ ਨਿਧਾਨ।।

ਭੈ ਭਾਇ ਭਗਤਿ ਨਿਹਾਲ ਨਾਨਕ, ਸਦਾ ਸਦਾ ਕੁਰਬਾਨ।।

ਪੰਨਾ 1308

ਸਿਆਣੇ ਤੇ ਸ਼ਰਧਾਵਾਨ ਗੁਰਸਿੱਖ ਨੇ ਤਾਂ ਗੁਰੂ ਕਾ ਹੁਕਮ ਸਿਰ ਮੱਥੇ ਪ੍ਰਵਾਨ ਕਰਕੇ, ਸਾਂਝੇ ਪੰਥਕ ਕਾਰਜਾਂ ਵਾਸਤੇ, ਅਪਣੀ ਕਿਰਤ ਕਮਾਈ ਵਿਚੋਂ ਆਮਦਨ ਦਾ ਦਸਵਾਂ ਹਿੱਸਾ (ਦਸਵੰਧ) ਅਰਪਣ ਕਰਨਾ ਹੈ ਕਿਸੇ ਤੇ ਅਹਿਸਾਨ ਨਹੀਂ ਜਤਾਉਣਾ ਹੁੰਦਾ। ਜੇ ਯੋਗ ਢੰਗ ਨਾਲ ਸੁਚੱਜੀ ਵਿਉਂਤ ਬਣਾ ਕੇ, ਇਸ ਰਕਮ ਨੂੰ ਸਾਂਝੇ ਕੰਮਾਂ ਤੇ ਖਰਚਿਆਂ ਜਾਵੇ, ਤਾਂ ਪੰਥ ਦੀ ਕਾਇਆ ਪਲਟ ਸਕਦੀ ਹੈ। ਅਸੀਂ ਨਾਸਮਝੀ ਕਾਰਨ, ਯਤੀਮਖਾਨੇ ਤੇ ਅਨਾਥ ਆਸ਼ਰਮ ਖੋਹਲੀ ਜਾ ਰਹੇ ਹਾਂ। ਸਤਿਗੁਰੂ ਸਾਨੂੰ ਸੁਮੱਤ ਬਖਸ਼ੇ। ਜਿਸ ਦੀ ਮਾਂ ਸੁੰਦਰੀ ਜੀ ਹੋਵੇ, ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਹੋਣ ਸਾਰਾ ਖਾਲਸਾ ਪੰਥ ਉਸਦਾ ਭੈਣ ਭਰਾ ਹੋਵੇ, ਫਿਰ ਕੋਈ ਬੱਚਾ ਬੱਚੀ ਅਨਾਥ ਤੇ ਯਤੀਮ ਕਿਵੇਂ ਰਹਿ ਸਕਦਾ ਹੈ ? ਅਜਿਹੇ ਸ਼ਬਦਾਂ ਦੀ ਵਰਤੋਂ ਹੀ ਸਮੁੱਚੇ ਪੰਥ ਅਤੇ ਸਤਿਗੁਰੂ ਜੀ ਦੀ ਤੌਹੀਨ ਕਰਨ ਦੇ ਤੁੱਲ ਹੈ। ਜਿਹਨਾਂ ਅਪਣੇ ਅਦਾਰਿਆਂ ਦੇ ਇਸਤਰਾਂ ਦੇ ਨਾਮ ਰੱਖੇ ਹਨ, ਉਹ ਮੁੜ ਤੋਂ ਵਿਚਾਰ ਕਰਨ। ਸਿੱਖ ਬੱਚੇ ਯਤੀਨ ਤੇ ਅਨਾਥ ਨਹੀਂ ਹੋਇਆ

ਕਰਦੇ।

ਯਹੂਦੀ ਕੌਮ ਤਿੰਨ ਹਜਾਰ ਸਾਲ ਤੱਕ ਦਰ-ਦਰ ਭਟਕਦੀ, ਖੁਆਰ ਹੁੰਦੀ ਰਹੀ। ਦੂਸਰੀ ਸੰਸਾਰ ਜੰਗ ਵਕਤ ਜਰਮਨ ਦੇ ਤਾਨਾਸ਼ਾਹ ਹਿਟਲਰ ਨੇ ਯਹੂਦੀਆਂ ਦਾ ਸਰਵਨਾਸ਼ ਕਰਨ ਦੀ ਪੱਕੀ ਠਾਣ ਲਈ। ਬੜੀ ਕਰੂਰਤਾ ਨਾਲ ਉਸਨੇ ਅਗਹਿ ਤੇ ਅਕਹਿ ਤਸੀਹੇ ਦੇ ਕੇ ਲਗਪਗ ਸੱਠ ਲੱਖ ਯਹੂਦੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਬੜੀ ਘਾਤਕ ਸੱਟ ਸੀ ਇਹ ਸਾਰੀ ਯਹੂਦੀ ਕੌਮ ਵਾਸਤੇ। ਕੁਰਬਾਨ ਜਾਈਏ ਉਹਨਾਂ ਦੇ ਸਿਆਣੇ ਤੇ ਦੂਰਅੰਦੇਸ਼ ਲੀਡਰਾਂ ਤੋਂ ਜਿਨ੍ਹਾਂ ਇੱਕ ਕੇਂਦਰੀ ਕੰਟਰੋਲ ਬੋਰਡ ਦੀ ਸਥਾਪਨਾ ਕਰਕੇ ਸੰਸਾਰ ਦੇ ਧਨੀ ਲੋਕਾਂ ਅਤੇ ਸਰਕਾਰਾਂ ਤੋਂ ਸਹਾਇਤਾ ਮੰਗੀ। ਇਸ ਇਕੱਠੀ ਹੋਈ ਰਕਮ ਨਾਲ ਉੱਜੜ ਉੱਖੜ ਚੁਕੇ ਭੈਣਾ ਭਰਾਵਾਂ ਨੂੰ ਮੁੜ ਵਸਾਉਣ ਲਈ ਮਦਤ ਕੀਤੀ ਗਈ। ਲਗਾਤਾਰ ਦੀ ਹਿੰਮਤ ਅਤੇ ਸਿਆਣਪ ਸਦਕਾ, ਬਹੁਤ ਛੇਤੀ ਯਹੂਦੀ ਕੌਮ ਸੰਭਲ ਗਈ। ਦੁਨੀਆਂ ਦੇ ਨਕਸ਼ੇ ਤੇ ਇਕ ਨਵਾਂ ਮੁਲਕ ਅਜਰਾਇਲ 1949 ਵਿਚ ਸਾਕਾਰ ਪ੍ਰਗਟ ਹੋ ਗਿਆ। ਤੇਜੀ ਨਾਲ ਵਿਕਾਸ ਕਰ ਰਹੇ ਦੇਸ਼ਾਂ ਵਿਚੋਂ ਅੱਜ ਟੈਕਨਾਲੋਜੀ ਅਤੇ ਖੇਤੀ ਵਿਚ ਅਜਰਾਇਲ ਮੋਹਰੀ ਰੋਲ ਨਿਭਾ ਰਿਹਾ ਹੈ। ਭਾਰਤ ਨਾਲੋਂ ਦੋ ਸਾਲ ਬਾਅਦ ਵਿਚ ਆਜਾਦ ਹੋਕੇ, ਮਾਰੂਥਲਾਂ ਵਿਚ ਵਸਕੇ, ਪੂਰੀ ਕੌਮ ਦਾ ਉਜਾੜਾ ਝੱਲ ਕੇ, ਮੰਜਲਾਂ ਮਾਰਦਾ ਅਪਣੀ ਸਿਆਣਪ ਤੇ ਹਿੰਮਤ ਸਦਕਾ, ਬਹੁਤ ਅੱਗੇ ਨਿਕਲ ਚੁੱਕਿਆ ਹੈ। ਅਸੀਂ ਉਹਨਾਂ ਦੀ ਹੋਣੀ ਪੜ੍ਹਕੇ ਬਹੁਤ ਕੁਝ ਸਿੱਖ ਸਕਦੇ ਹਾਂ।

ਆਓ ਹੁਣ ਗੁਰੂ ਹੁਕਮਾਂ ਦੀ ਰੌਸ਼ਨੀ ਵਿਚ ਗੁਰੂ ਕੀ ਗੋਲਕ ਜਾਂ ਦਸਵੰਧ ਬਾਰੇ ਕੁਝ ਜਾਣ ਲਈਏ। ਦਸਵੰਧ ਕੱਢਣਾ ਕਿੰਨਾਂ ਜਰੂਰੀ ਹੈ ਤੇ ਦਸਵੰਧ ਦੀ ਵਰਤੋਂ ਕਿਵੇਂ ਕਰਨੀ ਹੈ ਇਸ ਬਾਰੇ ਵਿਚਾਰ ਕਰਨਾ ਭੀ ਅਤੀ ਜਰੂਰੀ ਹੈ। ਇਸ ਬਾਰੇ ਸਤਿਕਾਰਯੋਗ ਭਾਈ ਸਾਹਿਬ ਸੱਤਾ

ਬਲਵੰਡ ਜੀ, ਭਾਈ ਸਾਹਿਬ ਗੁਰਦਾਸ ਜੀ ਅਤੇ ਹੋਰ ਪੁਰਾਤਨ ਰਹਿਤਨਾਮਿਆਂ ਦੀ ਰੋਸ਼ਨੀ ਵਿਚ ਵੇਖ ਕੇ ਵਿਚਾਰ ਕਰ ਲਈਏ।

ਗੁਰੂ ਘਰ ਦੇ ਪ੍ਰਮੁੱਖ ਰਬਾਬੀ ਕੀਰਤਨੀਏ ਭਾਈ ਸਾਹਿਬ ਸੱਤਾ ਤੇ ਬਲਵੰਡ ਜੀ ਲੰਮੇ ਸਮੇਂ ਤੋਂ ਪਾਵਨ ਗੁਰਬਾਣੀ ਦਾ ਰਸਭਿੰਨਾ ਕੀਰਤਨ ਸੰਗਤਾਂ ਨੂੰ ਸਰਵਣ ਕਰਵਾ ਰਹੇ ਸਨ। ਉਹਨਾਂ ਦੇ ਮਨ ਵਿਚ ਵੱਡੇ ਗੁਣਵਾਨ ਹੋਣ ਦਾ ਭਰਮ ਪੈਦਾ ਹੋ ਗਿਆ। ਜਿੰਦਗੀ ਦੀਆਂ ਲੋੜਾਂ ਵਾਸਤੇ ਸਭ ਪਦਾਰਥ ਗੁਰੂ ਘਰ ਵਲੋਂ ਮਿਲ ਰਹੇ ਸਨ। ਉਹਨਾਂ ਦੀ ਲੜਕੀ ਦੇ ਵਿਆਹ ਵਾਸਤੇ ਭੀ ਪੰਚਮ ਪਾਤਸ਼ਾਹ ਨੇ ਲੋੜੀਂਦੀ ਰਕਮ ਦੇਣੀ ਪ੍ਰਵਾਨ ਕਰ ਲਈ। ਪਰ ਉਹ ਲਾਲਚ ਵਸ ਹੋਕੇ ਜਿਆਦਾ ਰੁਪੈ ਲੈਣ ਦੀ ਜਿੱਦ ਕਰਨ ਲੱਗੇ। ਸਤਿਗੁਰੂ ਨੇ ਸੰਗਤਾਂ ਵਲੋਂ ਆਈ ਮਾਇਆ ਨੂੰ ਸੰਕੋਚ ਕੇ ਵਰਤੋ ਦੇ ਖਿਆਲ ਨਾਲ ਬਹੁਤੀ ਰਕਮ ਦੇਣ ਤੋਂ ਅਸਮਰਥਾ ਜਾਹਿਰ ਕੀਤੀ। ਉਹਨਾਂ ਗੁੱਸੇ ਵਿਚ ਭਰਕੇ ਗੁਰੂ ਨਾਨਕ ਸਾਹਿਬ ਅਤੇ ਗੁਰੂ ਘਰ ਪ੍ਰਤੀ ਅਪਮਾਨ ਜਨਕ ਸ਼ਬਦ ਵਰਤੇ । ਉਹਨਾਂ ਦੀ ਲਾਲਚੀ ਬਿਰਤੀ ਵੇਖਕੇ ਅਤੇ ਮਲੀਣ ਹੋਈ ਬੁੱਧੀ ਮਹਿਸੂਸ ਕਰਕੇ ਗੁਰੂ ਜੀ ਨੇ ਤੁਰੰਤ ਚਲੇ ਜਾਣ ਲਈ ਆਦੇਸ਼ ਦੇ ਦਿੱਤਾ। ਗੁਰੂ ਅਰਜਣ ਸਾਹਿਬ ਅੱਗੋਂ ਕੀਰਤਨ ਦੀ ਸੇਵਾ ਖੁਦ ਕਰਨ ਲੱਗ ਪਏ, ਸਿੱਖ ਸੰਗਤਾਂ ਰਲ ਮਿਲਕੇ ਕਰਨ ਲੱਗ ਪਈਆਂ। ਸੱਤੇ ਬਲਵੰਡ ਨੂੰ ਜਦੋਂ ਕਿਸੇ ਮੂੰਹ ਨਾ ਲਾਇਆ ਤਾਂ ਕੁੱਝ ਹੀ ਸਮੇਂ ਵਿਚ ਜਿੰਦਗੀ ਦੀਆਂ ਲੋੜਾਂ ਤੋਂ ਆਤੁਰ ਹੋ ਗਏ। ਇਹਨਾਂ ਭਾਈ ਲੱਧਾ ਜੀ ਪਰਉਕਾਰੀ ਰਾਹੀਂ ਪੰਚਮ ਸਤਿਗੁਰੂ ਤੋਂ ਨਿਮਰਤਾ ਸਾਹਿਤ ਮੁਆਫੀ ਮੰਗੀ। ਸਤਿਗੁਰੂ ਨੇ ਕਿਹਾ–‘‘ਹੁਣ ਗੱਲ ਬਹੁਤ ਅੱਗੇ ਨਿਕਲ ਚੁੱਕੀ ਹੈ, ਤੁਸੀਂ ਮੁਆਫੀਨਾਮਾ ਲਿਖ ਕੇ ਦਿਓ।’’ ਉਹਨਾਂ ਪਛਤਾਵੇ ਦੇ ਹੰਝੂ ਵਰਾਉਂਦਿਆਂ ਜੋ ਮੁਆਫੀਨਾਮਾ ਸਤਿਗੁਰੂ ਜੀ ਨੂੰ ਲਿਖਕੇ ਦਿੱਤਾ ਉਹ ਸਦਾ ਵਾਸਤੇ ਗੁਰੂ ਗ੍ਰੰਥ ਸਾਹਿਬ ਵਿਚ ਸੁਰੱਖਿਅਤ ਹੋ ਗਿਆ ਹੈ। ਲਾਲਚੀ ਬਿਰਤੀ ਵਾਲੇ ਵਿਅਤੀਆਂ ਨੂੰ ਇਸ ਤੋਂ ਬਹੁਤ ਸੁੰਦਰ ਸਿੱਖਿਆ ਮਿਲ ਸਕਦੀ ਹੈ। ਇਸ ਮੁਆਫੀ ਨਾਮੇ ਵਿਚ ਉਹ ਪਹਿਲਾਂ ਗੁਰੂ ਸਾਹਿਬਾਨ ਦੀ ਵਡਿਆਈ ਕਰਦੇ

ਹਨ। ਫਿਰ ਅਪਣੇ ਵਲੋਂ ਕੀਤੇ ਤੇ ਪਛਤਾਉਂਦੇ ਹਨ। ਪੰਕਤੀਆਂ ਇਸ ਪ੍ਰਕਾਰ ਹਨ –

''ਲਬੁ ਵਿਣਾਹੇ ਮਾਣਸਾ ਜਿਉ ਪਾਣੀ ਬੂਰੁ।।...

ਵਰ੍ਹਿਐ ਦਰਗਹ ਗੁਰੂ ਕੀ ਕੁਦਰਤੀ ਨੂਰੁ।।...

ਨਿੰਦਾ ਤੇਰੀ ਜੋ ਕਰੇ ਸੋ ਵੰਞੈ ਚੂਰੁ।।''.... ਪੰਨਾ–967

ਧੰਨ ਗੁਰੂ ਅਰਜਨ ਸਾਹਿਬ ਤਾਂ ਮਨੁੱਖ ਨੂੰ ਸਹੀ ਮਾਰਗ ਦਰਸ਼ਨ ਕਰਦੇ ਹੋਏ ਫੁਰਮਾਂਦੇ ਹਨ –

ਉਦਮੁ ਕਰੇਂਦਿਆਂ ਜੀਉ ਤੂੰ ਕਮਾਵਦਿਆਂ ਸੁਖ ਭੁਚੁ।।

ਧਿਆਇਦਿਆਂ ਤੂੰ ਪ੍ਰਭ ਮਿਲੁ ਨਾਨਕ ਉਤਰੀ ਚਿੰਤ।। ਮ.ਪ.–522

ਹੇ ਭਾਈ * ਆਲਸੀ ਜਾਂ ਵਿਹਲੜ ਨਾ ਬਣ ਉਦਮ ਹਿੰਮਤ ਕਰਕੇ ਇੱਜਤ ਵਾਲੇ ਜੀਵਨ ਵਾਸਤੇ ਕੋਈ ਪੈਦਾਵਾਰੀ ਸਾਧਨ ਅਪਣਾ। ਕਿਸੇ ਦੂਜੇ ਦੇ ਹੱਥਾਂ ਵੱਲ ਹੀ ਨਾ ਤਕਦਾ ਰਹੁ। ਵਾਹਿਗੁਰੂ ਨੂੰ ਧਿਆਉਂਦਿਆਂ ਭਲੇ ਕੰਮ ਕਰਦਿਆਂ ਮਨੁੱਖਾ ਜੀਵਨ ਸਫਲਾ ਕਰਲੈ।

ਸਿੱਖਾਂ ਦੇ ਵੇਦ ਵਿਆਸ, ਭਾਈ ਸਾਹਿਬ ਗੁਰਦਾਸ ਜੀ ਪੂਜਾ ਦੇ ਧਾਨ ਤੋਂ ਵਰਜਦੇ ਹੋਏ, ਇਸ ਨੂੰ ਮਾਰੂ ਜ਼ਹਿਰ ਦੀ ਨਿਆਈ ਦਸ ਰਹੇ ਹਨ।। ਵਾਕ ਹੈ–

ਜਿਉ ਮਿਰਜਾਦਾ ਹਿੰਦੂਆਂ ਗਾਉ ਮਾਸ ਅਖਾਜ।।

ਮੁਸਲਮਾਣਾ ਸੂਅਰ ਹੁ ਸੌਗੰਦ ਵਿਆਜ।।

ਸਹੁਰਾ ਘਰਿ ਜਵਾਈਐ ਪਾਣੀ ਮਦਰਾਜ।।

ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜ।।

ਜਿਉ ਮਿਠੈ ਮਖੀ ਮਰੈ ਤਿਸ ਹੋਇ ਅਕਾਜ।।

ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੇਡੂ ਪਾਜ ।।12/34।।

ਭਾਈ ਸਾਹਿਬ ਜੀ ਜੋਰਦਾਰ ਸ਼ਬਦਾਂ ਰਾਹੀਂ ਤਾੜਨਾ ਕਰਦੇ ਹਨ; ਜਿਵੇਂ ਹਿੰਦੂਆਂ ਵਿਚ ਗਊਮਾਸ ਨਹੀਂ ਖਾਧਾ ਜਾਂਦਾ। ਮੁਸਲਮਾਨਾਂ ਲਈ ਵਿਆਜ ਲੈਣਾ ਪਾਪ ਕਰਮ ਹੈ। ਸਹੁਰਾ, ਧੀ ਜਵਾਈ ਦੇ ਘਰ ਦਾ ਪਦਾਰਥ ਅੰਗੀਕਾਰ ਨਹੀਂ ਕਰਦਾ। ਗਰੀਬ ਹੋਣ ਤੇ ਭੀ ਚੂਹੜਾ ਸਹੇ ਦਾ ਮਾਸ ਨਹੀਂ ਖਾਂਦਾ। ਜੇ ਮੱਖੀ ਢਿੱਲੇ ਗੁੜ ਤੇ ਬੈਠ ਜਾਵੇ ਤਾਂ ਥਾਏ ਰਹਿ ਜਾਨ ਗੁਆ ਬਹਿੰਦੀ ਹੈ। ਉਹ ਮਿਠਾ ਜਾਂ ਸੁਅਦਲਾ ਪਦਾਰਥ ਉਸ ਲਈ ਮੌਤ ਦਾ ਪੈਗਾਮ ਬਣ ਜਾਂਦਾ ਹੈ। ਬਸ ਉਪਰ ਵਰਣਿਤ ਉਦਾਹਰਣਾਂ ਤੋਂ ਸਪਸ਼ਟ ਹੈ ਕਿ ਸਿੱਖ ਲਈ ਪੂਜਾ ਦਾ ਧਾਨ (ਧਰਮਸਾਲ ਦੀ ਝਾਕ) ਮਾਨੋਂ ਇਸ ਤਰ੍ਹਾਂ ਹੈ ਜਿਵੇਂ ਖੰਡ ਵਿਚ ਲਿਪਟੀ ਕੋਈ ਜ਼ਹਿਰ ਹੋਵੇ। ਗੁਰੂ ਘਰ ਦੀ ਸੇਵਾ ਕਰਦਿਆਂ, ਨਾਮ ਜਪਦਿਆਂ, ਇੱਕ ਹੱਦ ਅੰਦਰ ਰਹਿਕੇ, ਅਪਣੀਆਂ ਪ੍ਰਵਾਰਕ ਲੋੜਾਂ ਗੁਰੂ ਘਰ ਵਿਚੋਂ ਪੂਰੀਆਂ ਕਰਨੀਆਂ ਯੋਗ ਹਨ। ਪ੍ਰੰਤੂ ਪੂਜਾ ਦੇ ਧਨ ਨੂੰ ਐਸ਼ੋ ਆਰਾਮ ਦਾ ਸਾਧਨ ਨਾ ਬਣਾਇਆ ਜਾਵੇ। ਇਸ ਤਰ੍ਹਾਂ ਤੇ ਮਨ ਵਿਕਾਰਾਂ ਨਾਲ ਭਰ ਜਾਵੇਗਾ। ਭਾਈ ਸਾਹਿਬ ਗੁਰਦਾਸ ਜੀ ਸਾਵਧਾਨ ਕਰਦੇ ਹਨ –

ਜੈਸੇ ਤਉ ਅਰੋਗ ਭੋਗ ਭੋਗਵੈ ਨਾਨਾ ਪ੍ਰਕਾਰ,

ਬਿਰਥਾਵੰਤ ਖਾਨਿਪਾਨਿ ਰਿਦੈ ਨ ਹਿਤਾਵਈ।।

ਜੈਸੇ ਮਹਿਖੀ ਸਹਿਨਸੀਲ ਕੈ ਧੀਰਜ ਧੁਜਾ, ਅਜਿਅ ਮੈ ਤਨਕ ਕਲੇਜੋ ਨ ਸਮਾਵਈ।।

ਜੈਸੇ ਜੋਹਰੀ ਬਿਸਾਹੈ ਬੇਚੈ ਹੀਰਾ ਮਾਨਕਾਦਿ,

ਰੰਕ ਪੈ ਨ ਰਾਖਿਓ ਪਰੈ ਜੋਗ ਨ ਜਗਵਣੀ।।

ਤੈਸੇ ਗੁਰ ਪਰਚੈ ਪਵਿਤਰ ਹੈ ਪੂਜਾ ਪ੍ਰਸਾਦਿ,

ਅਪਚੁ ਅਪਰਚੈ ਦੁਸਹਿ ਦੁਖ ਪਾਵਣੀ।।

(ਭਾ: ਗੁ: 505 ਕਬਿਤ)

ਮਿਸਾਲਾਂ ਦੇ ਕੇ ਸਮਝਾਇਆ ਹੈ; ਜਿਵੇਂ ਤੰਦਰੁਸਤ ਵਿਅਕਤੀ ਜੋ ਜੀ ਚਾਹੇ ਖਾ ਲਵੇ ਪਰ ਪਚ ਜਾਂਦਾ ਹੈ। ਪਰ ਰੋਗੀ ਨੂੰ ਕੁਝ ਭੀ ਹਜਮ ਨਹੀਂ ਹੁੰਦਾ। ਜਿਵੇਂ ਮੱਝ ਵੱਡੇ ਜਿਗਰੇ ਵਾਲੀ ਹੋਣ ਕਰਕੇ ਛੇਤੀ ਘਾਬਰ ਦੀ ਨਹੀਂ। ਬੱਕਰੀ ਵਿਚਾਰੀ ਬੜੀ ਕਮਜ਼ੋਰ ਹੋਣ ਕਰਕੇ ਛੇਤੀ ਡਰ ਜਾਂਦੀ ਹੈ। ਜਿਵੇਂ ਜੌਹਰੀ ਮਨੁੱਖ ਨਿੱਤ ਸੋਨੇ ਚਾਂਦੀ ਤੇ ਹੀਰਿਆਂ ਦਾ ਵਣਜ ਕਰਦਾ ਹੈ, ਪਰ ਕੰਗਾਲ ਇਨਸਾਨ ਨੂੰ ਅਚਨਚੇਤੀ ਕਿਤੋਂ ਬਹੁਤਾ ਰੁਪਿਆ ਮਿਲ ਜਾਵੇ ਤਾਂ ਉਹ ਸੰਭਾਲ ਨਹੀਂ ਸਕਦਾ। ਇਸੇ ਤਰ੍ਹਾਂ ਗੁਰੂ ਘਰ ਦੇ ਸੇਵਾਦਾਰ ਵਾਸਤੇ ਸੰਕੋਚ ਵਿਚ ਰਹਿੰਦਿਆਂ, ਲੋੜਾਂ ਪੂਰੀਆਂ ਕਰਨੀਆਂ ਜਾਇਜ ਹਨ। ਗੁਰੂ ਨਮਿਤ ਅਰਪਣ ਕੀਤੀ ਮਾਇਆ ਨੂੰ ਗੁਰੂ ਕੀ ਅਮਾਨਤ ਸਮਝਿਆ ਜਾਵੇ ਲੁੱਟ ਦਾ ਮਾਲ ਨਹੀਂ।

ਦਸਮ ਪਾਤਸ਼ਾਹ ਹਜੂਰ ਦੇ ਨਿਜੀ ਸੇਵਕ ਭਾਈ ਸਾਹਿਬ ਦੇਸਾ ਸਿੰਘ ਜੀ ਅਪਣੇ ਰਹਿਤਨਾਮੇ ਵਿਚ ਅੰਕਤ ਕਰ ਗਏ ਹਨ –

ਜੇ ਕੋ ਸਿਖ ਪੁਜਾਰੀ ਅਹੈ।। ਸੋ ਭੀ ਪੂਜਾ ਬਹੁਤ ਨ ਲਹੈ।।

ਤਨ ਨਿਰਬਾਹ ਮਾਤਰ ਸੋ ਲੇਵੈ।। ਅਧਿਕ ਹੋਇ ਤਾ ਜਹਿ ਤਹਿ ਦੇਵੈ।।

ਰਹਿਤਨਾਮਾ ਭਾਈ ਦੇਸਾ ਸਿੰਘ

ਭਾਵ; ਜੇ ਕੋਈ ਗੁਰਸਿੱਖ ਗੁਰ ਘਰ ਦੀ ਸੇਵਾ ਕਰਦਾ ਹੈ ਤੇ ਹੋਰ ਕੋਈ ਕਮਾਈ ਦਾ ਸਾਧਨ ਨਹੀਂਹੈ। ਤਾਂ ਅਪਣੀ ਲੋੜ ਵਾਸਤੇ ਗੁਰੂ ਘਰ ਵਿਚੋਂ ਮਾਇਆ ਦੀ ਵਰਤੋਂ ਕਰ ਸਕਦਾ

ਹੈ। ਕੇਵਲ ਤਨ ਦੇ ਨਿਰਬਾਹ ਵਾਸਤੇ ਹੀ ਵਰਤੇ। ਜੇ ਗੁਰੂ ਘਰ ਬਹੁਤੀ ਮਾਇਆ ਆਵੇ ਤਾਂ ਲੋੜਵੰਦਾਂ ਵਿਚ ਵਰਤਾ ਦਿੱਤੀ ਜਾਵੇ ਹੋਰ ਵੇਖੋ –

ਜਿਉ ਜਨਨੀ ਨਿਜ ਤਨੁਜ ਕੋ ਨਿਮਖ ਜਹਿਰ ਨਹਿ ਦੇਤ।।

ਤਿਉ ਪੂਜਾ ਕੀ ਅੰਸ ਯਹਿ ਸਰਬ ਦੂਖ ਕੋ ਹੇਤ।।

ਗੁਰਬਿਲਾਸ ਪਾ: ਦਸਵੀਂ

ਭਾਵ; ਜਿਵੇ ਮਾਂ ਆਪਣੇ ਲਾਡਲੇ ਸਪੁੱਤਰ ਨੂੰ ਕਦੀ ਭੀ ਜਹਿਰ ਨਹੀਂ ਦੇ ਸਕਦੀ। ਬਸ ਇਸੇ ਤਰ੍ਹਾਂ ਇਹ ਪੂਜਾ ਦਾ ਧਨ, ਸਿੱਖਾਂ ਲਈ ਜਹਿਰ ਦੀ ਨਿਆਈ ਹੈ। ਇਸੇ ਲਈ ਸਤਿਗੁਰੂ ਨੇ ਇਸ ਤੋਂ ਵਰਜਿਆ ਹੈ।

ਹੋਰ ਵੇਖੋ – **''ਜਿਹੜੀ ਗੁਰਦਵਾਰੇ ਦੀ ਕੌਡੀ ਹੈ ਸੋ ਬਿਖਵਤ ਹੈ। ਅਰ ਉਹ ਕਿਸੇ ਨੂੰ ਨਹੀਂ ਪਚਦੀ। ਪਰ ਜੋ ਆਤਮੈ ਕਰਿਕੈ ਅੱਠੇ ਪਹਿਰ ਪਰਮੇਸ਼ਰ ਦਾ ਭਜਨ ਸੇਵਾ ਕਰੇ , ਅਤੇ ਭੋਜਨ ਥੋੜਾ ਕਰੇ ਤਾਂ ਉਸਨੂੰ ਪਚਦੀ ਹੈ। ਜੋ ਪੂਜਾ ਦੀ ਚੀਜ ਨੂੰ ਬਹੁਤਾ ਪੱਲੇ ਬੰਨ ਲਵੇ, ਅਰ ਬਹੁਤਾ ਖਾਵੇ, ਸੋ ਉਸਨੂੰ ਬਿਖਵਤ ਹੋ ਭਾਸਦੀ ਹੈ।''** ਗਿਆਨ ਰਤਨਾਵਲੀ– ਭਾਈ ਸਹਿਬ ਮਨੀ ਸਿੰਘ ਜੀ।

ਇਹ ਜਰੂਰੀ ਉਪਦੇਸ਼ ਭੀ ਹਰ ਗੁਰਸਿੱਖ ਦੇ ਜਿਹਨ ਵਿਚ ਡੂੰਘਾ ਉੱਤਰ ਜਾਣਾ ਚਾਹੀਦਾ ਹੈ ਕਿ ਉਸਨੇ ਸਾਂਝੇ ਪੰਥਕ ਕਾਰਜਾਂ ਵਾਸਤੇ ਅਪਣੀ ਕਿਰਤ ਕਮਾਈ ਵਿਚੋਂ ਦਸਵੰਧ ਜਰੂਰ ਕੱਢਣਾ ਹੈ। ਨਾ ਇਸਨੂੰ ''ਦਾਨ'' ਸਮਝਿਆ ਜਾਵੇ ਤੇ ਨਾ ਕਿਸੇ ਤੇ ''ਅਹਿਸਾਨ'' ਮੰਨਿਆ ਜਾਵੇ। ਇਸ ਪਰਥਾਏ ਭੀ ਰਹਿਤ ਨਾਮਿਆਂ ਵਿਚ ਅਨੇਕ ਪਰਮਾਣ ਹਨ। ਕੁਝ ਹਵਾਲੇ ਇਸ ਤਰ੍ਹਾਂ ਹਨ–

''ਧਰਮ ਕਿਰਤ ਦੇ ਨਫੇ ਵਿਚੋਂ ਗੁਰੂ ਅਰਥ ਦਸਵੰਧ ਦੇਵੇ।

ਧਰਮ ਸਾਲੀਆਂ ਪੀਰ ਔਰ ਮਰੀਦ ਨਾ ਬਣੇ''।

ਰਹਿਤਨਾਮਾ ਭਾਈ ਸਾਹਿਬ ਚੌਪਾ ਸਿੰਘ ਜੀ

''ਦਸਨਖ ਕਰ ਜੋ ਕਾਰ ਕਮਾਵੈ।।ਤਾਂ ਕਰ ਜੋ ਧਨ ਘਰ ਮਹਿ ਲਿਆਵੈ।।

ਇਸਤੇ ਗੁਰ ਦਸੌਂਧ ਜੋ ਦੇਈ।। ਸਿੰਘ ਸੁ ਜਗ ਬਹੁ ਜਸ ਮਹਿ ਲੇਈ।।''

ਰਹਿਤਨਾਮਾ ਭਾਈ ਸਾਹਿਬ ਨੰਦ ਲਾਲ ਸਿੰਘ ਜੀ।

''ਜੋ ਅਪਨੀ ਕਿਛ ਕਰੇ ਕਮਾਈ।। ਗੁਰ ਹਿਤ ਦੇਹ ਦਸਵੰਧ ਬਨਾਈ।।''

ਗੁਰ ਪ੍ਰਤਾਪ ਸੂਰਜ ਗ੍ਰੰਥ, 1-11

''ਦਸਵੰਧ ਗੁਰੂ ਨਹਿ ਦੇਵਈ ਝੂਠ ਬੋਲ ਜੋ ਖਾਇ।।

ਕਹੈ ਗੋਬਿੰਦ ਸਿੰਘ ਲਾਲ ਜੀ ਤਿਸਕਾ ਕਿਛ ਨਾ ਬਿਸਾਹਿ।।''

ਭਾਈ ਸਾਹਿਬ ਨੰਦ ਲਾਲ ਸਿੰਘ ਜੀ।

ਬਾਬੇ ਕੇ ਬਾਬਰ ਕੇ ਦੋਊ।। ਆਪ ਕਰੇ ਪਰਮੇਸਰ ਸੋਊ।।

ਦੀਨ ਸ਼ਾਹ ਇਨਕੋ ਪਹਿਚਾਨੋ।। ਦੁਨੀ ਪਤੀ ਉਨ ਕੋ ਉਨਮਾਨੋ।।

ਜੋ ਬਾਬੇ ਕੇ ਦਾਮ ਨਾ ਦੈ ਹੈ।। ਤਿਨ ਤੇ ਗਹਿ ਬਾਬਰ ਕੇ ਲੈ ਹੈ।।

ਦੈ ਦੈ ਤਿਨ ਕੋ ਬਡੀ ਸਜਾਇ।। ਪੁੰਨ ਲੈ ਹੈ ਗ੍ਰਿਹ ਲੂਟ ਬਨਾਇ।।

ਗੁਰ ਪ੍ਰਤਾਪ ਸੂਰਜ - ਅੰਸ-13

ਬਾਬਰਕਿਆਂ ਨੂੰ ਪ੍ਰਮਾਤਮਾ ਨੇ ਭਾਰਤ ਵਿਚ ਲੁਟੇਰੇ ਬਣਾ ਕੇ ਭੇਜਿਆ, ਪਰ ਨਾਲ ਹੀ

ਬਾਬੇਕਿਆਂ (ਗੁਰੂ ਸਾਹਿਬਾਨ) ਨੂੰ ਗਰੀਬ ਜੰਤਾ ਦੀ ਰਾਖੀ ਵਾਸਤੇ ਸੰਸਾਰ ਤੇ ਭੇਜ ਦਿੱਤਾ। ਬਾਬੇ ਕੇ ਧਰਮ ਦੇ ਰਾਖੇ ਹਨ, ਬਾਬਰ ਕੇ ਧਰਤੀ ਦੇ ਮਾਲਕ ਬਣ ਬੈਠੇ। ਜੋ ਵਿਅਕਤੀ ਬਾਬੇਕਿਆਂ ਦੀ ਸ਼ਰਨ ਵਿਚ ਆ ਗਿਆ, ਉਹ ਬਾਬਰਕਿਆਂ ਦੀ ਮਾਰ ਤੋਂ ਬਚ ਗਿਆ। ਜੋ ਸਤਿਗੁਰੂ ਦੀ ਸ਼ਰਣ ਨਹੀਂ ਆਏ ਉਹਨਾਂ ਨੂੰ ਬਾਬਰਕਿਆਂ ਨੇ ਲੁੱਟਿਆ ਤੇ ਖੂਬ ਕੁੱਟਿਆ। ਅਮੀਰ ਲੋਕਾਂ ਨੂੰ ਸਖਤ ਤਸੀਹੇ ਦੇ ਕੇ ਘਰਾਂ ਵਿਚੋਂ ਦੱਬਿਆ ਧਨ ਹਾਕਮਾਂ ਨੇ ਕਢਵਾ ਕੇ ਕਾਬੂ ਕਰ ਲਿਆ। ਫਿਰ ਕਿਉਂ ਨਾ ਦੀਨ ਦੁਨੀ ਦੇ ਰਾਖੇ, ਸਤਿਗੁਰੂ ਜੀ ਨੂੰ ਦਸਵੰਧ ਦੇ ਦਿੱਤਾ ਜਾਵੇ।

ਸੰਸਾਰ ਪ੍ਰਸਿੱਧ ਰੈੱਡ ਕਰਾਸ ਸਮਾਜ ਸੇਵੀ ਸੰਸਥਾ, ਸਵਿਟਜ਼ਰਲੈਂਡ ਦੇ ਇਕ ਪ੍ਰੋਫੈਸਰ ਨੇ ਸੀਮਤ ਜਿਹੇ ਸਾਧਨਾ ਨਾਲ ਸੰਨ 1865 ਵਿਚ ਸ਼ੁਰੂ ਕੀਤੀ ਸੀ। ਹੌਲੀ ਹੌਲੀ ਵਿਕਾਸ ਕਰਦੀ ਸਵਾ ਕੁ ਸੌ ਸਾਲ ਬਾਅਦ ਸੰਸਾਰ ਵਿਚ ਇਹ ਸੰਸਥਾ ਆਪਣੀ ਨਵੇਕਲੀ ਅਤੇ ਸਨਮਾਨਯੋਗ ਥਾਂ ਬਣਾ ਚੁੱਕੀ ਹੈ। ਅਮੀਰ ਲੋਕਾਂ ਦੇ ਦਾਨ ਅਤੇ ਕੁਝ ਸਰਕਾਰਾਂ ਦੀ ਮਦਤ ਨਾਲ ਇਸ ਨੇ ਜੰਗਾਂ ਜੁੱਧਾਂ ਜਾਂ ਹੋਰ ਮੁਸ਼ਕਲਾਂ ਦੇ ਸਮੇਂ ਲੋਕ ਭਲਾਈ ਦੇ ਬਹੁਤ ਕੰਮ ਕੀਤੇ ਹਨ। ਸਵਿਟਜ਼ਰਲੈਂਡ ਵਾਸੀ ਜੇ ਸਭ ਤੋਂ ਵਧ ਕਿਸੇ ਗੱਲ ਤੇ ਮਾਣ ਮਹਿਸੂਸ ਕਰਦੇ ਹਨ ਤਾਂ ਉਹ ਰੈੱਡ ਕਰਾਸ ਹੀ ਹੈ। ਕਿਉਂਕਿ ਇਸ ਕਿਸਮ ਦੀ ਸੇਵਾ ਉਹਨਾਂ ਨੇ ਸ਼ੁਰੂ ਕੀਤੀ।

ਅਫਸੋਸ ਕਿ ਅਸੀਂ ਸੰਸਾਰ ਨੂੰ ਨਹੀਂ ਦੱਸ ਸਕੇ ਕਿ ਐ ਮਨੁੱਖਤਾ ਨੂੰ ਪਿਆਰ ਕਰਨ ਵਾਲਿਓ * ਇਹ ਮਹਾਨ ਕਾਰਜ ਤਾਂ ਗੁਰੂ ਨਾਨਕ ਦੇ ਘਰ ਉਸਤੋਂ ਸਦੀਆਂ ਪਹਿਲਾਂ ਤੋਂ ਹੁੰਦਾ ਆ ਰਿਹਾ ਹੈ। ਸੰਨ 1685 ਤੋਂ ਤਾਂ ਬਕਾਇਦਾ ਇਕ ਵਿਭਾਗ ਬਣਾ ਕੇ ਭਾਈ ਘਨੱਈਆ ਜੀ ਨੂੰ ਉਸ ਦਾ ਮੁਖੀ ਥਾਪ ਦਿੱਤਾ ਗਿਆ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਹੁਕਮ ਮੰਨਦੇ ਭਾਈ ਜੀ ਆਪਣੇ ਪੂਰੇ ਜਥੇ ਸਮੇਤ, ਭਿਆਨਕ ਜੰਗਾਂ ਜੁੱਧਾਂ ਵਿਚ, ਵਰ੍ਹਦੇ ਗੋਲਿਆਂ ਵਿਚ ਸ਼ੂਕਦੇ ਤੀਰਾਂ ਤੇ ਲਿਸ਼ਕਦੀਆਂ ਤਲਵਾਰਾਂ ਦੀ ਛਾਵੇਂ, ਬੇਖੌਫ, ਮਨੁੱਖਤਾ ਦੀ ਸੇਵਾ ਕਰ ਰਹੇ ਸਨ। ਜਿਥੇ

ਪਿਆਸਿਆਂ ਨੂੰ ਜਲ, ਭੁੱਖਿਆਂ ਨੂੰ ਪ੍ਰਸ਼ਾਦਾ ਛਕਾਉਂਦੇ ਸਨ, ਉਥੇ ਜਖ਼ਮੀਆਂ ਨੂੰ ਮਲ੍ਹਮ ਪੱਟੀ ਕਰਨੀ, ਪ੍ਰਾਣ ਤਿਆਗ ਚੁੱਕਿਆਂ ਦੀਆਂ ਲੋਥਾਂ ਨੂੰ ਲੇਖੇ ਲਾਉਣ ਦੀ ਸੇਵਾ ਭੀ ਅਪਣੇ ਜ਼ਿੰਮੇ ਲਈ ਹੋਈ ਸੀ। ਇਹ ਮਹਾਨ ਸੇਵਾ, ਬਿਨਾਂ ਹਿੰਦੂ ਮੁਸਲਮਾਨ ਜਾਂ ਸਿੱਖ ਦੇ ਭਿੰਨ ਭੇਦ ਤੋਂ ਕੀਤੀ ਜਾਂਦੀ ਸੀ। ਸਤਿਗੁਰੂ ਗੋਬਿੰਦ ਸਿੰਘ ਸਾਹਿਬ, ਮਨੁੱਖਤਾ ਦੇ ਕਦਰਦਾਨ ਦਾ ਪਾਵਨ ਉਪਦੇਸ਼ ਹੀ ਇਸ ਤਰ੍ਹਾਂ ਸੀ। ਅਸੀਂ ਅਪਣੇ ਦਸਵੰਧ ਦੀ ਰਕਮ (ਕੁੱਝ ਹਿੱਸਾ) ਇਹੋ ਜਿਹੇ ਪਰਉਪਕਾਰ ਵਾਲੇ ਭਲੇ ਕਾਰਜਾਂ ਤੇ ਭੀ ਤਾਂ ਖਰਚ ਸਕਦੇ ਹਾਂ। ਰੈੱਡ ਕਰਾਸ ਸੰਸਥਾ ਤੋਂ ਅਸੀਂ ਬਹੁਤ ਪਹਿਲੋਂ ਇਹੀ ਸੇਵਾ ਵਾਲਾ ਕੰਮ ਅਰੰਭ ਕਰ ਦਿੱਤਾ ਸੀ। ਸਾਡੇ ਬਾਰੇ ਸੰਸਾਰ ਵਿਚ ਕੋਈ ਨਹੀਂ ਜਾਣਦਾ, ਹੋਰ ਤੇ ਹੋਰ ਸਾਰੇ ਸਿੱਖ ਭੀ ਇਸ ਮਾਣਯੋਗ ਕਾਰਜ ਬਾਰੇ ਨਹੀਂ ਜਾਣਦੇ।

ਲੋੜ ਹੈ ਅੱਜ ਪਰਤਕੇ ਅਪਣੇ ਅੰਦਰ ਝਾਤੀ ਮਾਰਨ ਦੀ। ਸਿੱਖ ਸੰਗਤਾਂ ਵਲੋਂ ਧਰਮ ਅਰਥ ਆ ਰਹੀ ਰਕਮ ਨੂੰ ਕੰਟਰੋਲ ਕਰਨ ਦੀ। ਠੀਕ ਸੇਧ ਦੇਕੇ ਯੋਗ ਥਾਂ ਤੇ ਵਰਤੋਂ ਕਰਨ ਦੀ। ਸਿੱਖ ਸੰਸਥਾਵਾਂ ਨੇ ਵੱਡੇ ਲੰਗਰ ਚਲਾ ਲਏ, ਨਗਰ ਕੀਰਤਨ ਬਹੁਤ ਹੋ ਗਏ, ਬੈਂਡ ਵਾਜੇ , ਭੰਗੜੇ ਤੇ ਆਤਸ਼ਬਾਜੀਆਂ ਤੇ ਭੀ ਬਹੁਤ ਧਨ ਉਡਾ ਲਿਆ ਹੈ। ਪਰ ਹਾਏ * ਪੰਜਾਹ ਜਾਂ ਸੌ ਸਾਲ ਦਾ ਭਵਿੱਖ ਮੁਖੀ ਖਾਲਸਾ ਪੰਥ ਦੀ ਵਿਗੜੀ ਸੰਵਾਰਨ ਵਾਲਾ ਕੋਈ ਕਾਰਜ ਨਹੀਂ ਉਲੀਕਿਆ ਪਿਛਲੇ ਪੰਦਰਾਂ ਸਾਲਾਂ ਦੇ ਖੂਨੀ ਦੌਰ ਵਿਚ, ਪੰਜਾਬ ਦੇ ਅਣਗਿਣਤ ਪ੍ਰਵਾਰ ਬਰਬਾਦ ਹੋ ਚੁੱਕੇ ਹਨ। ਉਹਨਾਂ ਦੀ ਕਿਸੇ ਨੇ ਬਾਂਹ ਨਹੀਂ ਫੜੀ, ਦੁੱਖ ਦਰਦ ਨਹੀਂ ਵੰਡਾਇਆ। ਦਿੱਲੀ, ਬੁਕਾਰੋ, ਕਾਹਨਪੁਰ, ਭਿਲਾਈ ਆਦਿ ਥਾਵਾਂ ਤੇ ਬੇਕਸੂਰ ਸਿੱਖਾਂ ਦਾ ਕਤਲੇਆਮ ਹੋਇਆ। ਘਰ ਸਾੜ ਦਿੱਤੇ, ਦੁਕਾਨਾਂ, ਕਾਰਖਾਨੇ ਲੁੱਟ ਲਏ ਗਏ ਤੇ ਬਰਬਾਦ ਕਰ ਦਿੱਤੇ ਗਏ। ਜੋ ਵਿਅਕਤੀ ਲੇਖੇ ਲੱਗ ਗਏ ਉਹਨਾਂ ਦੀ ਕਿਸੇ ਅੱਜ ਤੱਕ ਪੱਕੀ ਵਿਸ਼ਵਾਸਯੋਗ ਗਿਣਤੀ ਭੀ ਨਹੀਂ ਕੀਤੀ। ਦੁੱਖ ਭੁੱਖ ਨਾਲ ਵਿਲਕ ਰਹੇ ਪ੍ਰਵਾਰਾਂ ਦੀ, ਕਿਸੇ ਨੇ ਸਾਰ ਨਹੀਂ ਲਈ। ਗੁਰੂ ਘਰ ਨੇ ਤਾਂ ਉਚੀਆਂ ਰਵਾਇਤਾਂ ਨਿਭਾਉਂਦਿਆਂ ਗੈਰ ਸਿੱਖਾਂ ਦੇ ਭੀ ਦੁਖੜੇ ਦੂਰ ਕੀਤੇ ਸਨ। ਜਾਨਾਂ ਵਾਰ

ਕੇ ਭੀ ਮਾਸੂਮਾਂ ਦੀ ਰੱਖਿਆ ਕੀਤੀ ਸੀ। ਕੀ ਹੋ ਗਿਆ ਹੈ ਸਿੱਖਾਂ ਦੇ ਚੌਧਰੀਆਂ ਨੂੰ ਕਿ ਸਾਡੇ ਅਪਣੇ ਭੈਣ ਭਰਾ ਤੇ ਬੱਚੇ ਦਰਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਹਨ।

ਗੁਰੂ ਫਲਸਫੇ ਦੀ ਰੌਸ਼ਨੀ ਵਿਚ ਜਰਾ ਸੋਚੋ * ਕਿਸ ਕੰਮ ਹਨ ਇਹ ਸੰਗੇਮਰਮਰ ਦੀਆਂ ਆਲੀਸ਼ਾਨ ਵਿਸ਼ਾਲ ਇਮਾਰਤਾਂ ਜੇ ਦੁਖਿਆਰੇ ਸਿੱਖ, ਨੀਲੇ ਅੰਬਰ ਹੇਠ, ਕੜਾਕੇ ਦੀ ਸਰਦੀ, ਜੂਨ ਜੁਲਾਈ ਦੀ ਅੱਗ ਵਰਗੀ ਧੁੱਪ, ਬਾਰਸ਼ਾਂ, ਹਨੇਰੀਆਂ ਵਿਚ ਰਾਤਾਂ ਕੱਟ ਰਹੇ ਹਨ। ਕੀ ਸੰਵਾਰਨਗੇ ਇਹ ਸੋਹਣੇ ਰੇਸ਼ਮੀ ਰੁਮਾਲੇ ਤੇ ਕੀਮਤੀ ਚੰਦੋਏ ਜੇ ਸਿੱਖਾਂ ਦੇ ਲਖਤੇ ਜਿਗਰ (ਬੱਚੇ) ਨੰਗੇ ਧੜ ਦਿਨ ਕਟੀ ਕਰ ਰਹੇ ਹਨ। ਵੱਡੇ ਪੱਧਰ ਤੇ ਚਲ ਰਹੇ ਲੰਗਰ, ਰੱਜਿਆਂ ਨੂੰ ਹੀ ਰਜਾ ਰਹੇ ਹਨ, ਪਰ ਸਾਡੇ ਅਣਗਿਣਤ ਭੈਣ ਭਰਾ ਭੁੱਖੇ ਪੇਟ, ਵਕਤ ਨੂੰ ਧੱਕਾ ਦੇ ਰਹੇ ਹਨ। ਇਕ ਪਾਸੇ ਅੰਤਾਂ ਦੀ ਅਮੀਰੀ ਹੈ, ਜਿੰਦਗੀ ਦਾ ਠਾਠ ਬਾਠ ਹੈ, ਸੁਖ ਸਹੂਲਤਾਂ ਹਨ, ਤਾਂ ਦੂਜੇ ਪਾਸੇ ਸਿੱਖ ਬੱਚੇ, ਜਿੰਦਗੀ ਦੀਆਂ ਮੁਢਲੀਆਂ ਲੋੜਾਂ ਤੋਂ ਭੀ ਸੱਖਣੇ ਹਨ। ਸਕੂਲ ਪੱਧਰ ਤਕ ਦੀ ਪੜ੍ਹਾਈ ਭੀ ਨਹੀਂ ਕਰ ਸਕਦੇ, ਫੀਸਾਂ ਨਹੀਂ ਭਰ ਸਕਦੇ, ਉਹ ਭੀ ਸਿੱਖਾਂ ਦੇ ਬੱਚੇ ਹਨ। ਦੂਜੇ ਪਾਸੇ ਸਿੱਖਾਂ ਦੇ ਹੀ ਬੱਚੇ ਸਕੂਲ ਕਾਲਜ ਸਕੂਟਰਾਂ, ਕਾਰਾਂ ਤੇ ਜਾਂਦੇ ਹਨ....।

ਸੰਨ '84 ਦੀ ਭਿਆਨਕ ਮਾਰ ਵਿਚ ਉੱਜੜ ਚੁਕੀ ਅੱਖਾਂ ਸਾਹਮਣੇ ਸਿਰ ਦੇ ਸਾਂਈ ਨੂੰ ਤੜਪਦੇ ਹੋਏੇ ਦਮ ਤੋੜਦੇ ਵੇਖ ਚੁੱਕੀ ਪ੍ਰਵਾਰ ਦੇ ਬਾਰਾਂ ਜੀਆਂ ਨੂੰ ਤੜਪ ਤੜਪ ਕੇ ਮਰਦੇ ਵੇਖ ਚੁਕੀ, ਬੀਬੀ ਦਰਸ਼ਨ ਕੌਰ ਨੂੰ ਜਦੋਂ ਇਕ ਪੱਤਰਕਾਰ ਨੇ ਇਹ ਸਵਾਲ ਕੀਤਾ ਕਿ "ਤੁਹਾਨੂੰ ਸੁਪਰੀਮ ਕੋਟ ਦੀ ਹਦਾਇਤ ਤੇ ਸਰਕਾਰ ਵਲੋਂ ਕਈ ਲੱਖ ਰੁਪਿਆ ਮੁਆਵਜੇ ਦੇ ਰੂਪ ਵਿਚ ਮਿਲਣ ਵਾਲਾ ਹੈ। ਤੁਸੀਂ ਉਸ ਬਹੁਤ ਵੱਡੀ ਰਕਮ ਦਾ ਕੀ ਕਰੋਗੇ ?" ਬੀਬੀ ਦਰਸ਼ਨ ਕੌਰ ਨੇ ਤੜਪਦੇ ਮਨ ਤੇ ਛਲਕਦੀਆਂ ਅੱਖਾਂ ਨਾਲ ਪੱਤਰਕਾਰ ਵੱਲ ਵੇਖਿਆ। ਅੱਗ ਦੀ ਲਾਟ ਵਰਗੇ ਕੁਝ ਸ਼ਬਦ ਅਪਣੇ ਮੂੰਹੋਂ ਕਢੇ। ਇਉਂ ਪ੍ਰਤੀਤ ਹੋਇਆ, ਮਾਨੋ ਸਾਰੇ ਸਿੱਖ ਪੰਥ ਦੀ ਰੂਹ ਨੂੰ ਅਣਖ ਗੈਰਤ ਨੂੰ ਉਸਨੇ ਝੁਲਸ ਕੇ ਸੁਆਹ ਕਰ ਦਿੱਤਾ। ਉਸਦੇ ਕੰਬਦੇ ਹੋਠਾਂ ਵਿਚੋਂ ਇਹ ਸ਼ਬਦ

ਨਿਕਲੇ – "ਮੈਂ ਉਸ ਮਿਲੇ ਪੈਸੇ ਨਾਲ ਸਭ ਤੋਂ ਪਹਿਲਾਂ ਰੱਜ ਰੱਜ ਕੇ ਬਹੁਤ ਸਾਰੀਆਂ ਰੋਟੀਆਂ ਖਾਵਾਂਗੀ। ਤੇਰਾਂ ਸਾਲ ਤੋਂ ਮੈਂ ਭੁੱਖ ਨਾਲ ਤੜਫਦੀ ਵਿਲਕਦੀ ਰਹੀ ਹਾਂ... ਮੈਂ ਤੇ ਮੇਰੇ ਬੱਚੇ.....।"

ਸਿੱਖ ਸੰਗਤਾਂ ਵਲੋਂ ਆ ਰਹੀ, ਦਸਵੰਧ ਦੀ ਮਾਇਆ ਦਾ ਰੁੱਖ ਬਦਲਣ ਦੀ ਫੌਰੀ ਲੋੜ ਹੈ। ਭਵਿੱਖ ਮੁਖੀ ਉਸਾਰੂ ਕਾਰਜ ਉਲੀਕਣ ਦੀ ਜਰੂਰਤ ਹੈ। ਦੁਨੀਆਂ ਦੇ ਕਿਸੇ ਖਿੱਤੇ ਵਿਚ ਭੀ ਇਕ ਸਿੱਖ ਨੂੰ ਤਕਲੀਫ ਹੋਵੇ ਤਾਂ ਸਾਰਾ ਪੰਥ ਪੀੜ ਦਾ ਅਨੁਭਵ ਕਰੇ। ਇਕ ਸਿੱਖ ਭੁੱਖਾ ਸੌਂਵੇ ਤਾਂ ਸਾਰੇ ਪੰਥ ਨੂੰ ਨੀਂਦ ਨਾ ਆਵੇ। ਇਕ ਸਿੱਖ ਤੇ ਕਿਧਰੇ ਜਿਆਦਤੀ ਹੋਵੇ ਤਾਂ ਸਾਰਾ ਪੰਥ ਉਸਦੀ ਮੱਦਦ ਵਾਸਤੇ ਉਮੜ ਪਵੇ। ਨਿਜੀ ਖੁਦਗਰਜੀਆਂ, ਲੋਭ ਲਾਲਚ, ਗੱਦੀਆਂ ਚੌਧਰਾਂ ਦੀ ਪਕੜ ਤੋਂ ਉੱਪਰ ਉੱਠਕੇ, ਸੋਚਣਾ ਸਮੇਂ ਦੀ ਮੰਗ ਹੈ। ਜਿੰਦਗੀ ਦੇ ਹਰ ਖੇਤਰ ਵਿਚ ਪਿਆਰ ਤੇ ਸਹਿਯੋਗ ਦੀ ਲੋੜ ਹੈ। ਅਗਰ ਇਸ ਤਰ੍ਹਾਂ ਨਾ ਕੀਤਾ ਗਿਆ, ਗੁਫਲਤ ਦੀ ਨੀਂਦ ਵਿਚ ਸੁਤੇ ਰਹੇ ਤਾਂ ਮਾਨੋਂ ਅਪਣੀ ਜੜ ਆਪ ਖੁਦ ਕੱਟਰਹੇ ਹੋਵਾਂਗੇ। ਆਤਮਘਾਤ ਕਰਨ ਲਈ ਫਾਂਸੀ ਦਾ ਫੰਦਾ ਮਾਨੋ ਖੁਦ ਅਪਣੇ ਗਲ ਵਿਚ ਪਾ ਰਹੇ ਹੋਵਾਂਗੇ। ਸਤਿਗੁਰੂ ਸਾਡਾ ਮਾਰਗ ਦਰਸ਼ਨ ਕਰੇ, ਇਹੋ ਅਰਦਾਸ ਹੈ ਜੋਦੜੀ ਹੈ।

ਅਕਲੀ ਸਾਹਿਬੁ ਸੇਵੀਐ, ਅਕਲੀ ਪਾਈਐ ਮਾਨੁ।।

ਅਕਲੀ ਪੜ੍ਹਿਕੈ ਬੁਝੀਐ ਅਕਲੀ ਕੀਚੈ ਦਾਨੁ।।

ਨਾਨਕੁ ਆਖੈ ਗਹੁ ਏਹੁ ਹੋਰਿ ਗਲਾਂ ਸੈਤਾਨੁ।। ਪੰਨਾ : 1245

ਲੇਖਕ ਦੀਆਂ ਹੋਰ ਰਚਨਾਵਾਂ

ਪੁਸਤਕਾਂ

1. ਧਰਮ ਦੇ ਨਾਂ ਤੇ...।
2. ਸਾਡਾ ਬੇੜਾ ਇਉਂ ਗਰਕਿਆ...।
3. ਪੌਰਾਣਕ ਕਥਾਵਾਂ ਦਾ ਅੰਤ।
4. ਪੰਜਾਬ ਵਿਚੋਂ ਸਿੱਖਾਂ ਦਾ ਸਰਬਨਾਸ।

ਕਿਤਾਬਚੇ

1. ਦਸਵੰਧ ਪ੍ਰੰਪਰਾ
2. ਮੈਨੂੰ ਸਿੱਖੀ ਤੇ ਮਾਣ ਹੈ
3. ਗੁਰੂ ਅਰਜੁਨ ਸਾਹਿਬ ਜੀ
4. ਮਾਲਾ ਦੀ ਕਰਾਮਾਤ
5. ਸਿੱਖ ਸਿਧਾਂਤ
6. ਗਰੁੜ ਚੜੇ ਗੋਬਿੰਦ ਆਇਲਾ
7. ਦਿਨੁ ਰੈਣਿ ਸਭ ਸੁਹਾਵਣੇ ਪਿਆਰੇ
8. ਸਭ ਤੇ ਵਡਾ ਸਤਿਗੁਰੂ ਨਾਨਕੁ

ਆਡੀਓ ਸੀ.ਡੀਜ਼

1. ਸਿੱਖ ਸਿਧਾਤਾਂ ਦਾ ਨਿਖੇੜਾ (18 ਘੰਟੇ ਕਥਾ MP-3)
2. ਇਤਿਹਾਸ ਦਾ ਗੌਰਵ (10 ਘੰਟੇ ਕਥਾ MP-3)
3. ਕੀ ਇਹ ਸਿੱਖਾਂ ਦੇ ਤਿਉਹਾਰ ਹਨ? (10 ਘੰਟੇ ਕਥਾ MP-3)
4. ਗੁਰਉਪਦੇਸ਼ ਕੀ ਹੈ? (10 ਘੰਟੇ ਕਥਾ MP-3)
5. ਬਨਾਰਸ ਦੇ ਠੱਗ (10 ਘੰਟੇ ਕਥਾ MP-3)
6. ਵਹਿਮ ਭਰਮ ਕਿਉਂ? (10 ਘੰਟੇ ਕਥਾ MP-3)
7. ਗੁਰਬਾਣੀ ਦਾ ਚਾਨਣ (10 ਘੰਟੇ ਕਥਾ MP-3)
8. ਗੁਰਬਾਣੀ ਦੇ 52 ਹੁਕਮ (26 ਘੰਟੇ ਦੋ ਭਾਗ ਕਥਾ MP-3)
9. ਸਿੱਖੀ ਤੇ ਮਾਣ (10 ਘੰਟੇ ਕਥਾ MP-3)

ਵੀਡੀਓ ਸੀ.ਡੀਜ਼

10. ਸਿੱਖੀ ਦਾ ਮਾਣ (ਵੀਡੀਓ ਸੀਡੀ ਕਥਾ)
11. ਗੁਰੂ ਅਮਰਦਾਸ ਜੀ (ਵੀਡੀਓ ਸੀਡੀ ਕਥਾ)
12. ਅਰਦਾਸ ਕੀ ਹੈ? (ਵੀਡੀਓ ਸੀਡੀ ਕਥਾ)
13. ਚੜ੍ਹਦੀ ਕਲਾ ਕਿਵੇਂ ਹੋਵੇ (ਵੀਡੀਓ ਸੀਡੀ ਦੋ ਭਾਗ ਸੁਆਲ ਜੁਆਬ)
14. ਕੀ ਨਰਕ ਸੁਰਗ ਹੈ? (ਵੀਡੀਓ ਸੀਡੀ)
15. ਧਰਮ ਵਿਦਿਆ ਜਰੂਰੀ (ਵੀਡੀਓ ਸੀਡੀ)

ਫਤਿਹ ਪਬਲੀਕੇਸ਼ਨਜ

ਸਾਡੇ ਵੱਲੋਂ ਤੱਤ ਗੁਰਮਤ ਪ੍ਰਗਟ ਕਰਨ ਵਾਲੇ ਕਰਾਂਤੀਕਾਰ ਵਿਦਵਾਨਾਂ ਦੀਆਂ ਅਨਮੋਲ ਪੁਸਤਕਾਂ ਮਿਲ ਸਕਦੀਆਂ ਹਨ। ਜਿਨ੍ਹਾਂ ਵਿਚ ਮਾਲਾ ਫੇਰਨ, ਚੌਂਕੜੇ ਮਾਰਕੇ ਸਮਾਧੀਆਂ ਲਾਉਣ, ਬਿਨਾਂ ਸਮਝੇ ਸਿਮਰਨ ਕਰਨ ਤੇ ਰੰਗ ਬਰੰਗੇ ਪਾਠ ਕਰਨ ਦੇ ਤਰੀਕੇ ਨਹੀਂ ਸਿਖਾਏ ਗਏ, ਸਗੋਂ ਪੰਥ ਦੀ ਚੜ੍ਹਦੀ ਕਲਾ ਵਾਸਤੇ, ਨਿਰਭੈ ਹੋ ਕੇ, ਹਿੱਕਾਂ ਤਾਣਕੇ, ਕਲਮ ਦੀ ਬੇਜੋੜ ਤਾਕਤ ਰਾਹੀਂ, ਸੰਸਾਰ ਸਨਮੁਖ ਗੁਰਬਾਣੀ ਦੇ ਚਾਨਣ ਵਿਚ, ਹੱਕ ਪ੍ਰਾਪਤ ਕਰਨ ਲਈ ਮਰਦੇ ਮੁਜਾਹਿਦ ਬਣਾਉਦੀਆਂ ਹਨ। ਜੋ ਲੇਖਕ ਵਿਕਾਊ ਨਹੀਂ ਬਣੇ, ਭਾਵੇਂ ਘਰ ਜਮੀਨ ਸਭ ਵਿਕ ਗਏ। ਕੁਝ ਨਿਧੜਕ ਲੇਖਕਾਂ ਨੂੰ ਪੁਜਾਰੀਆਂ ਨੇ "ਪੰਥ" ਵਿਚ ਛੇਕ ਦਿਤਾ ਹੈ। ਬਾਕੀਆਂ ਨੂੰ ਛੇਕਣ ਦੀ ਤਿਆਰੀ ਵਿਚ ਹਨ। ਅਸੀਂ ਵਿਸ਼ਵਾਸ਼ ਦੁਆਉਂਦੇ ਹਾਂ ਕਿ ਸਾਡੀਆਂ ਪਰਖੀਆਂ ਤੇ ਪੜੀਆਂ ਹੋਈਆਂ ਕਿਤਾਬਾਂ ਹੀ ਤੁਹਾਡੇ ਹੱਥਾਂ ਵਿਚ ਪੁਜਣਗੀਆਂ। ਗੁਰਮਤਿ ਵਿਰੋਧੀ ਕੂੜਾ ਕਰਕਟ ਨਹੀਂ ਪੁੱਜੇਗਾ। ਵਿਗਿਆਨਕ ਨਜ਼ਰੀਏ ਨਾਲ ਗੁਰਬਾਣੀ ਦੀ ਕਸਵੱਟੀ ਤੇ ਪਰਖੀਆਂ, ਤੱਤ ਗੁਰਮਤਿ ਪੁਸਤਕਾਂ ਤੇ ਸੀ.ਡੀਜ਼. ਮੰਗਾਉਣ ਲਈ ਸਾਡੇ ਨਾਲ ਸੰਪਰਕ ਕਰੋ ਜੀ।

ਕਿਤਾਬਾਂ ਮਿਲਣ ਦਾ ਪਤਾ

ਕੰਵਰਦੀਪ ਸਿੰਘ
ਫਤਿਹ ਪਬਲੀਕੇਸ਼ਨਜ਼
91-ਵਿਦਿਆ ਨਗਰ, ਸਾਹਮਣੇ ਪੰਜਾਬੀ ਯੂਨੀਵਰਸਿਟੀ,
ਪਟਿਆਲਾ (ਪੰਜਾਬ)। ਮੋਬ. : 98144-55582